# ਅੰਮ੍ਰਿਤ ਕੀਰਤਨ

ੴ

ਮਈ 2008

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ੴ ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 5 ◆ ਸਾਲ ਵੀਹਵਾਂ ◆ ਮਈ 2008

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961)

▲ The Bank Draft/Cheque may please be drawn in favour of Amrit Kirtan Trust, payable at Chandigarh.

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com

Computer Type Setting
sohal specials Phone: 98145 25351

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐਸ.ਸੀ.ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ

## ਇਸ ਅੰਕ ਵਿਚ

ਮਿਤ੍ਰੁ ਅਸਾਡੜੇ ਸੇਈ — 2
*ਪਾਠਕਾਂ ਦੇ ਪੱਤਰ*

ਕਰਉ ਬੇਨੰਤੀਆ — 5
*ਸੰਪਾਦਕੀ*

ਸ੍ਰਵਣ ਦਾ ਬਿਬੇਕ — 6
*ਜਸਵੰਤ ਸਿੰਘ ਨੇਕੀ*

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ — 13
*ਡਾ. ਜਾਗੀਰ ਸਿੰਘ*

**The Flow Of Music** — 17
Mihaly Csikszentmihaliyi

**Attitide of Gratitude** — 21
Sumeet Kaur

ਸੁਰ ਲਿਪੀ — 23
*ਗੀਤ: ਡਾ: ਜਾਗੀਰ ਸਿੰਘ*
*ਲਿਪੀਕਾਰ: ਮਨਦੀਪ ਕੌਰ*

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ — 24

# ਮਿਤ੍ਰ ਅਸਾਡੜੇ ਸੇਈ

♦ ਆਪ "ਅੰਮ੍ਰਿਤ ਕੀਰਤਨ" ਮਾਸਿਕ ਪੱਤਰ ਰਾਹੀਂ ਜੋ ਸੇਵਾ ਕਰ ਰਹੇ ਹੋ, ਉਹ ਬਹੁਤ ਸ਼ਲਾਘਾਯੋਗ ਹੈ। ਵਾਹਿਗੁਰੂ ਆਪ ਨੂੰ ਐਸੇ ਸ਼ੁਭ ਕੰਮ ਕਰਨ ਦੀ ਹੋਰ ਵੱਧ ਸਮਰਥਾ ਤੇ ਸੋਧ ਬਖਸ਼ੇ।

ਮਾਰਚ 2008 ਦਾ ਅੰਕ ਮਿਲਿਆ ਹੈ। ਆਪ ਦਾ ਸੰਪਾਦਕੀ 'ਕਰਓ ਬੇਨੰਤੀਆਂ' ਪੜ੍ਹਿਆ ਹੈ। ਸਭ ਪਾਠਕਾਂ ਨੂੰ ਤੁਹਾਡੇ ਵੱਲੋਂ ਸੋਹਣਾ ਸਵਾਲ ਹੈ - 'ਤੁਹਾਡਾ ਕੀ ਵਿਚਾਰ ਹੈ? ਮੈਂ ਇਸ ਬਾਰੇ ਕੁਝ ਚਿੰਤਨ ਕੀਤਾ ਹੈ।

ਇਨ੍ਹਾਂ ਮਸਲਿਆਂ ਜਾਂ ਸਮਸਿਆਵਾਂ ਵਿਚ ਵਿਅਕਤੀਗਤ ਅਤੇ ਪਰਿਵਾਰਕ ਪੱਧਰ 'ਤੇ ਕਾਫ਼ੀ ਭਿੰਨਤਾ ਹੋ ਸਕਦੀ ਹੈ, ਜਿਸ ਕਰਕੇ ਆਮ ਤੌਰ 'ਤੇ ਪੂਰਾ ਠੀਕ ਨਿਰਣਾ ਕੱਢਣਾ ਸੌਖਾ ਨਹੀਂ, ਕੇਵਲ ਵਿਚਾਰ ਸਾਂਝੇ ਕੀਤੇ ਜਾ ਸਕਦੇ ਹਨ। ਮੇਰੀ ਸਮਝ ਵਿਚ ਇਸ ਮੁੱਦੇ ਦੇ ਦੋ ਪਹਿਲੂ ਬਾਪੱਖ ਹਨ:

1) ਪਹਿਲਾ ਕਿ ਉਨ੍ਹਾਂ ਹਾਲਾਤਾਂ ਵਿਚ ਕੀ ਠੀਕ ਜਾਂ ਉਚਿਤ ਉਪਰਾਲਾ ਹੋਣਾ ਚਾਹੀਦਾ ਹੈ ਜਾਂ ਹੋ ਸਕਦਾ ਹੈ। ਜੋ ਹੋਇਆ ਹੈ ਉਹ ਠੀਕ ਸੀ ਜਾਂ ਨਹੀਂ।

2) ਤੇ ਦੂਜਾ ਪਹਿਲੂ ਇਹ ਹੈ ਕਿ ਅੱਜ ਦੇ ਹਾਲਾਤ ਵਿਚ ਜੇ ਕੋਈ ਉਸਦਾ ਹੱਲ ਹੋ ਸਕਦਾ ਹੈ ਤਾਂ ਉਸ ਲਈ ਲੋੜਵੰਦ ਯਤਨ ਕਰਨਾ।

ਪਹਿਲਾ ਪੱਖ : ਇਸ ਮਾਮਲੇ ਦਾ ਜਿਥੇ ਵਿਅਕਤੀਗਤ ਸਬੰਧ ਹੈ, ਉਥੇ ਇਸਦਾ ਉਤਨਾ ਹੀ ਜਾਂ ਇਸ ਤੋਂ ਵੱਧ ਪਰਿਵਾਰਕ ਸਬੰਧ ਹੈ। ਨਾਲ ਹੀ ਇਹ ਕੁਝ ਹੱਦ ਤੱਕ ਸਮਾਜ ਨਾਲ ਵੀ ਜੁੜਿਆ ਹੋਇਆ ਹੈ। ਇਸ ਤਰ੍ਹਾਂ ਦੇ ਅਣ ਸੁਖਾਵੇਂ ਹਾਲਾਤ ਵਿਚ ਐਸੇ ਮਾਮਲੇ ਪ੍ਰਤੀ ਪਰਿਵਾਰ ਦੇ ਉਨ੍ਹਾਂ ਸਬੰਧੀਆਂ ਜਿਨ੍ਹਾਂ ਨੂੰ ਪਰਿਵਾਰ ਨਾਲ ਹਮਦਰਦੀ ਹੋਵੇ, ਨਾਲ ਬੈਠਕੇ ਗੰਭੀਰ ਵਿਚਾਰ ਕਰਨ ਉਪਰੰਤ ਫੈਸਲਾ ਕਰਨਾ ਉਚਿਤ ਹੈ। ਕਦੀ ਕਦਾਈਂ ਕੁਝ ਮਿਤਰ ਵੀ ਪਰਿਵਾਰਕ ਸਬੰਧੀਆਂ ਦੀ ਤਰ੍ਹਾਂ ਹਮਦਰਦੀ ਕਰਨ ਵਾਲੇ ਮਿਲ ਜਾਂਦੇ ਹਨ, ਉਨ੍ਹਾਂ ਦੀ ਸਲਾਹ ਤੇ ਸਹਾਇਤਾ ਲੈਣ ਨਾਲ ਲਾਭ ਹੋ ਸਕਦਾ ਹੈ। ਇਸ ਤਰ੍ਹਾਂ ਹਮਦਰਦ ਰਿਸ਼ਤੇਦਾਰਾਂ ਅਤੇ ਮਿਤਰਾਂ ਨਾਲ ਮਿਲ ਕੇ ਖੁਲੀ ਵਿਚਾਰ ਉਪਰੰਤ ਨਿਰਣਾ ਲੈਣਾ ਅਮਲੀ ਤੌਰ ਤੇ ਜ਼ਿਆਦਾ ਉਪਯੁਕਤ ਹੋ ਸਕਦਾ ਹੈ। ਇਸ ਢੰਗ ਨਾਲ ਪਰਿਵਾਰਕ ਨਿਰਣਾ ਲੈਣ ਲੱਗਿਆਂ, ਉਸਦੇ ਨਤੀਜਿਆਂ ਬਾਰੇ ਵੀ ਖੁੱਲੀ ਵਿਚਾਰ ਹੋ ਜਾਂਦੀ ਹੈ ਤੇ ਉਸ ਲਈ ਮਾਨਸਿਕ ਤਿਆਰੀ ਵੀ ਹੋ ਜਾਂਦੀ ਹੈ। ਸੋ ਸਮੇਂ ਤੇ ਸਹਿਯੋਗ ਹਾਸਲ ਕਰਨ ਦਾ ਉੱਦਮ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਕਿਆ ਇਹ ਲਾਭ ਲਿਆ ਗਿਆ ਸੀ ਜਾਂ ਨਹੀਂ? ਜਾਂ ਸੰਭਵ ਹੀ ਨਹੀਂ ਸੀ? ਇਸਦੇ ਉੱਤਰ ਤੋਂ ਵੀ ਕੁਝ ਹੱਦ ਤੱਕ ਨਿਰਣਾ ਲਿਆ ਜਾ ਸਕਦਾ ਹੈ ਕਿ ਸਾਡੀ ਕੀਤੀ ਗਈ ਕਾਰਵਾਈ ਠੀਕ ਸੀ ਜਾਂ ਨਹੀਂ।

ਜੇ ਅਸੀਂ ਕੇਵਲ ਵਿਅਕਤੀਗਤ ਪੱਧਰ 'ਤੇ ਅਤੇ ਉਹ ਵੀ ਤਰੰਗਤ ਅਵਸਥਾ ਵਿਚ ਇਕ ਮਹੱਤਵਪੂਰਨ ਵਿਸ਼ੇ ਤੇ ਕਾਰਵਾਈ ਕਰਨ ਦਾ ਫੈਸਲਾ ਕਰਾਂਗੇ ਤਾਂ ਇਸਦੇ ਅਨਿਸਚਿਤ ਹੋਣ ਦੀ ਸੰਭਾਵਨਾ ਹੋ ਸਕਦੀ ਹੈ, ਜਿਸ ਨਾਲ ਕਈ ਕਿਸਮ ਦੀ ਔਖਿਆਈ ਆ ਸਕਦੀ ਹੈ। ਜਿਨ੍ਹਾਂ ਹਾਲਾਤਾਂ ਦਾ ਤੁਹਾਡੇ ਸੰਪਾਦਕੀ ਨੋਟ ਵਿਚ ਜ਼ਿਕਰ ਹੈ, ਇਕ ਇਹ ਵੀ ਚੋਣ ਹੋ ਸਕਦੀ ਹੈ ਕਿ ਬਚੀ ਉਸ ਉਮਰ ਵਿਚ ਜਦੋਂ ਰਿਸ਼ਤੇ ਮੁਕਾਬਲਤਨ ਆਸਾਨੀ ਨਾਲ ਹੋ ਸਕਦੇ ਹਨ, ਉਸ ਵਕਤ ਆਪਣੀ ਸ਼ਾਦੀ ਕਰਵਾ ਕੇ ਫਿਰ ਆਪਣੇ ਨਿਰਭਰ ਭੈਣਾਂ ਭਰਾਵਾਂ ਦਾ ਫਿਕਰ ਕਰ ਸਕਦੀ ਹੈ।

ਸ਼ਾਦੀ ਦੇ ਮਾਮਲੇ ਵਿਚ ਇਕ ਇਹ ਵੀ ਮਨੁੱਖੀ ਸੁਭਾਅ ਵਿਚ ਕਮਜ਼ੋਰੀ ਦੇਖੀ ਗਈ ਹੈ ਕਿ ਆਮ ਤੌਰ 'ਤੇ ਕਈ ਮਨੁੱਖ ਆਦਰਸ਼ਕ ਸਾਥੀ ਚੁਣਨ ਦੀ ਲਾਲਸਾ ਵਿਚ ਇਸ ਜ਼ਰੂਰੀ ਮਾਮਲੇ ਨੂੰ ਇਤਨਾ ਟਾਲ ਦਿੰਦੇ ਹਨ ਕਿ ਫਿਰ ਵੱਡੀ ਉਮਰ ਹੋ ਜਾਣ ਕਰਕੇ ਯੋਗ ਰਿਸ਼ਤੇ ਮਿਲਣੇ ਔਖੇ ਹੋ ਜਾਂਦੇ ਹਨ। ਗੁਰਮਤਿ ਵਿਚ ਅਸੀਂ ਹਰ

ਰੋਜ਼, ਅਰਦਾਸ ਵਿਚ ਵਾਹਿਗੁਰੂ ਤੋਂ 'ਸਤ ਦਾਨ' ਮੰਗਦੇ ਹਾਂ। ਉਨ੍ਹਾਂ ਵਿਚੋਂ ਇਕ ਬਹੁਮੁੱਲਾ ਦਾਨ ਹੈ : 'ਬਿਬੇਕ ਦਾਨ'। ਜੇ ਅਸੀਂ ਵਾਹਿਗੁਰੂ ਨਾਲ ਅਤੇ ਗੁਰੂ ਨਾਲ ਜੁੜੇ ਰਹਾਂਗੇ ਤਾਂ ਵਾਹਿਗੁਰੂ ਦੀ ਬਖਸ਼ਿਸ਼ ਤੋਂ ਮਿਲਿਆ ਬਿਬੇਕ ਦਾਨ ਸਾਨੂੰ ਹਰ ਗੱਲੋਂ ਸੇਧ ਬਖਸ਼ੇਗਾ ਅਤੇ ਅਸੀਂ ਠੀਕ ਫੈਸਲਾ ਲੈਣ ਵਿਚ ਸਫ਼ਲ ਹੋਵਾਂਗੇ। ਤੁਸੀਂ ਸਹਿਮਤ ਹੋਵੋਗੇ ਕਿ ਜੀਵਨ ਵਿਚ ਸਾਡੇ ਪਾਸ ਦੋ ਹੀ ਵਸੀਲੇ ਹਨ:

1) ਭਰਪੂਰ ਤੇ ਰੱਜਵਾਂ ਉੱਦਮ ਕਰਨਾ ਅਤੇ

2) ਮਨ ਟਿਕਾ ਕੇ ਸੱਚੇ ਦਿਲੋਂ ਅਰਦਾਸ ਕਰਨਾ

ਅਰਦਾਸ ਰਾਹੀਂ ਸਰਬਕਲਾ ਸਮਰੱਥ ਪ੍ਰਭੂ ਦੀ ਚੇਤਨ ਸ਼ਕਤੀ ਦੀ ਪਾਤਰਤਾ ਮਿਲਦੀ ਹੈ। ਨਾਲ ਹੀ ਅਰਦਾਸ ਅਤੇ ਉੱਦਮ ਦੇ ਸੁਮੇਲ ਨਾਲ ਮਨੁੱਖ ਸਫ਼ਲਤਾ ਨਾਲ ਸਬੰਧਤ ਹਉਮੈ ਤੋਂ ਵੀ ਕੁਝ ਹੱਦ ਤੱਕ ਬਚਿਆ ਰਹਿੰਦਾ ਹੈ। ਇਹ ਆਦਰਸ਼ਕ ਸਿਧਾਂਤ 'ਭਰਪੂਰ ਉੱਦਮ ਅਤੇ ਅਰਦਾਸ' ਗੁਰਮਤਿ ਦੀ ਦੇਣ ਹੈ। ਇਨ੍ਹਾਂ ਦੋ ਹੀਲਿਆਂ ਤੋਂ ਉਪਰੰਤ ਜੋ ਵੀ ਹਾਲਾਤ ਬਣਨ, ਜਾਂ ਨਤੀਜਾ ਹੋਵੇ, ਉਸਨੂੰ ਗੁਰਸਿਖ, ਅਕਾਲ ਪੁਰਖ ਦਾ ਭਾਣਾ ਮੰਨਦਾ ਹੈ। ਸੋਚੀਂ ਡੁਬਕੇ ਚਿੰਤਾ ਨਹੀਂ ਕਰਦਾ, ਸਗੋਂ ਵਾਹਿਗੁਰੂ ਦੀ ਰਜ਼ਾ ਨਾਲ ਇਕਸਾਰਤਾ ਕਰਕੇ ਕਥਿਤ ਦੁੱਖ ਵਿਚ ਸੁੱਖ ਮਨਾਉਂਦਾ ਹੈ।

ਨਾਸਤਿਕ: ਕੇਵਲ ਉਦਮ ਕਰਦਾ ਹੈ। ਅਰਦਾਸ ਦਾ ਤਾਂ ਸਵਾਲ ਹੀ ਨਹੀਂ। ਕਿਉਂਕਿ ਉਹ ਵਾਹਿਗੁਰੂ ਦੀ ਹੋਂਦ ਤੋਂ ਹੀ ਮੁਨਕਰ ਹੈ। ਜੇ ਉਸਦੇ ਉੱਦਮ ਵਿਚ ਕਾਮਯਾਬੀ ਨ ਹੋਵੇ ਤਾਂ ਉਹ ਸੋਚੀਂ ਡੁੱਬਕੇ ਚਿੰਤਾ ਕਰਦਾ ਹੈ। ਮਾਨਸਿਕ ਤਨਾਉ ਤੇ ਚਿੰਤਾ ਦੇ ਕਾਰਨ ਉਹ ਮਨੋ ਚਿਕਿਤਸਕ ਕੋਲ ਜਾਂਦਾ ਹੈ। ਪ੍ਰੇਸ਼ਾਨੀ ਦੂਰ ਕਰਨ ਲਈ ਦਵਾਈਆਂ ਖਾਂਦਾ ਹੈ। ਜੇ ਕਦੇ ਹੱਦ ਤੋਂ ਜ਼ਿਆਦਾ ਪ੍ਰੇਸ਼ਾਨੀ ਹੋ ਜਾਵੇ ਤਾਂ ਆਤਮ ਹੱਤਿਆ ਤਕ ਵੀ ਅੱਪੜ ਸਕਦਾ ਹੈ। ਗੁਰਮਤਿ ਦਾ ਗਾਡੀ ਰਾਹ ਸਾਡੀ ਜੀਵਨ ਯਾਤਰਾ ਨੂੰ ਸੁਖਾਵਾਂ ਸਹਿਜ ਵਾਲਾ, ਸੰਤੁਲਿਤ ਅਤੇ ਚੜ੍ਹਦੀ ਕਲਾ ਵਾਲਾ ਬਣਾਉਣ ਵਿਚ ਬਹੁਤ ਸਹਾਇਕ ਹੈ। ਜਿਨ੍ਹਾਂ ਬੱਚੀਆਂ ਦਾ ਤੁਸੀਂ ਸੰਪਾਦਕੀ ਵਿਚ ਜ਼ਿਕਰ ਕੀਤਾ ਹੈ, ਵਾਹਿਗੁਰੂ ਰਹਿਮਤ ਕਰੇ, ਉਨ੍ਹਾਂ ਨੂੰ ਬਿਬੇਕ ਦਾਨ, ਭਰਪੂਰ ਉੱਦਮ ਅਤੇ ਭਾਣਾ ਮੰਨਣ ਦਾ ਬਲ ਬਖਸ਼ੇ।

ਦੂਜਾ ਪੱਖ: ਮੱਧ ਪ੍ਰਦੇਸ਼ ਛੱਤੀਸਗੜ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਜਥੇਬੰਦੀ ਵਿਚ ਸਾਡੇ ਇਕ ਸਹਿਯੋਗੀ ਨੌਜਵਾਨ ਮਿਤ੍ਰ ਹਨ-ਸ. ਜਸਮੀਤ ਸਿੰਘ। ਕਈ ਸਾਲ ਪਹਿਲਾਂ ਉਨ੍ਹਾਂ ਦੇ ਮਾਤਾ ਜੀ ਦਾ ਅਕਾਲ ਚਲਾਣਾ ਹੋ ਗਿਆ ਸੀ। ਉਸ ਤੋਂ ਬਾਅਦ ਉਨ੍ਹਾਂ ਦੇ ਪਿਤਾ ਜੀ ਦੀ ਸਿਹਤ ਵੀ ਠੀਕ ਨਹੀਂ ਸੀ ਰਹਿੰਦੀ ਤੇ ਜਸਮੀਤ ਸਿੰਘ ਉਨ੍ਹਾਂ ਦੀ ਸੇਵਾ ਵਿਚ ਹੀ ਜ਼ਿਆਦਾ ਲੱਗਾ ਰਹਿੰਦਾ ਸੀ। ਐਸੇ ਘਰੇਲੂ ਹਾਲਾਤ ਵਿਚ ਆਪਣੀ ਸ਼ਾਦੀ ਵੱਲ ਲੋੜੀਂਦਾ ਧਿਆਨ ਨਾ ਦੇਣ ਕਾਰਨ, ਅੱਜ ਤੱਕ ਸ਼ਾਦੀ ਨਹੀਂ ਹੋ ਸਕੀ। ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਪਿਤਾ ਜੀ ਵੀ ਅਕਾਲ ਚਲਾਣਾ ਕਰ ਗਏ ਹਨ। ਹੁਣ ਉਮਰ ਜ਼ਿਆਦਾ ਹੋਣ ਕਰਕੇ ਯੋਗ ਰਿਸ਼ਤਾ ਮਿਲਣ ਵਿਚ ਕਠਿਨਾਈ ਆ ਰਹੀ ਹੈ। ਜਸਮੀਤ ਸਿੰਘ ਦੀ ਉਮਰ 37 ਸਾਲ ਹੈ। ਉਹ ਗਰੈਜੂਏਟ ਹੈ। ਉਸ ਦੇ ਪਿਤਾ ਜੀ ਪੀ.ਡਬਲਯੂ.ਡੀ. ਵਿਚ ਸੁਪਰਡੈਂਟ ਇੰਜੀਨੀਅਰ ਸਨ ਅਤੇ ਮਗਰੋਂ ਮੈਨੇਜਰ ਜਨਰਲ ਲਘੂ ਉਦਯੋਗ ਨਿਗਮ ਦੇ ਪਦ ਤੇ ਸਨ।

ਜਸਮੀਤ ਸਿੰਘ ਦਾ ਇਕ ਭਰਾ ਅਮਰੀਕਾ ਵਿਚ ਹੈ ਅਤੇ ਇਕ ਭੁਪਾਲ ਵਿਚ ਹੈ ਜੋ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਹੈ। ਉਸਦੀ ਇਕ ਭੈਣ ਹੈ ਜੋ ਨੀਮਿਚ (ਮੱਧਿਆ ਪ੍ਰਦੇਸ਼) ਵਿਚ ਰਹਿੰਦੇ ਹਨ। ਉਨ੍ਹਾਂ ਦੇ ਪਤੀ ਆਟੋ ਮੋਬਾਈਲ ਦਾ ਵਪਾਰ ਕਰਦੇ ਸਨ ਤੇ ਉਹ ਅਕਾਲ ਚਲਾਣਾ ਕਰ ਚੁੱਕੇ ਹਨ। ਜਸਮੀਤ ਸਿੰਘ ਉਤਸ਼ਾਹੀ , ਪੰਥਕ ਸੋਚਣੀ ਵਾਲਾ, ਅੰਮ੍ਰਿਤਧਾਰੀ ਗੁਰਸਿਖ ਹੈ ਤੇ ਸੇਵਾ ਭਾਵੀ ਸੁਭਾਅ ਦਾ ਹੈ। ਸਿੰਘ ਸਭਾ ਵੱਲੋਂ ਚਲਾਏ ਜਾ ਰਹੇ ਸਿਕਲੀਗਰ (ਹਜ਼ੂਰੀ ਸਿੰਘ) ਸਿੰਘਾਂ ਦੇ ਵਿੱਦਿਅਕ ਧਾਰਮਿਕ ਤੇ ਸਮਾਜਕ ਉਥਾਨ ਦੇ ਪ੍ਰੋਜੈਕਟ ਵਿਚ ਖਾਸ ਦਿਲਚਸਪੀ ਰੱਖਦਾ ਹੈ।

ਤੁਹਾਡਾ ਸੰਪਾਦਕੀ ਪੜ੍ਹ ਕੇ ਮੈਨੂੰ ਮਹਿਸੂਸ ਹੋਇਆ ਕਿ ਜਸਮੀਤ ਸਿੰਘ ਦਾ ਰਿਸ਼ਤਾ ਕਿਸੇ ਨਾਲ ਸਿਰੇ ਚੜ੍ਹ ਜਾਏ। ਅੱਗੋਂ ਸੰਜੋਗਾਂ ਦੇ ਅਖਤਿਆਰ ਹੈ। ਹੋ ਸਕਦਾ ਹੈ ਤੁਹਾਡੀ ਸੰਪਾਦਕੀ ਕਈ ਬੱਚਿਆਂ ਦੇ ਜੀਵਨ ਵਿਚ ਨਵੀਂ ਜ਼ਿੰਦਗੀ ਲਿਆਉਣ ਦਾ ਇਕ ਸਾਧਨ ਬਣੇ।

*ਡਾ. ਸੰਤੋਖ ਸਿੰਘ,*
*E-1/100, Arera Colony, Bhopal 462016*
*Phone: 0755-2466555*

♦ ***ਕਰਿ ਕੀਰਤਨ ਮਨ ਸੀਤਲ ਭਏ। ਜਨਮ ਜਨਮ ਕੇ ਕਿਲਬਿਖ ਗਏ॥*** (178) ਪ੍ਰਭੂ ਬਖਸ਼ਿਸ਼ ਵਾਲੇ ਪ੍ਰਭੂ ਦੀ ਸਿਲਤ ਸਲਾਹ ਕਰਿ ਕਰਿ ਕੇ ਆਪਣੇ ਮਨ ਨੂੰ ਸੀਤਲ ਆਤਮਕ ਅਨੰਦ ਦੀ ਠੰਡ ਨਾਲ ਭਾਲ ਲੈਂਦੇ ਹਨ। ਆਪ ਤੇ ਪ੍ਰਭੂ ਦੀ ਬਖਸ਼ਿਸ਼ ਹੈ ਤੇ ਬਖਸ਼ਿਸ਼ਾਂ ਕੀਰਤਨ ਰਾਹੀਂ ਵੰਡ ਰਹੇ ਹੋ। ਅਜੋਕੇ ਡਰ ਚਿੰਤਾ ਦੇ ਯੁਗ ਵਿਚ ਵੀ ਕੇਵਲ ਕੀਰਤਨ ਨਾਲ ਹੀ ਠੰਡ ਪੈ ਸਕਦੀ ਹੈ।

ਬੇਨਤੀ ਹੈ ਕਿ ਦਾਸ ਦੀ ਪਹਿਲੀ ਚਿੱਠੀ ਅਨੁਸਾਰ ਮੈਟ੍ਰੀਮੋਨੀਅਲ ਬਾਰੇ ਗੁਰ ਸਿੱਖ ਲੜਕਾ ਵਿਧੁਰ (ਜਿਸਦਾ ਲੜਕਾ 12 ਸਾਲ ਦਾ ਹੈ) ਉਮਰ 38 ਸਾਲ ਮਿਊਜ਼ਿਕ ਟੀਚਰ, ਕੀਰਤਨ ਅਕੈਡਮੀ ਮਲੌਟ ਚਲਾ ਰਿਹਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਲੁਧਿਆਣਾ 94179-66067 ਅਤੇ 0161-2728675 ਸ਼ਾਮ 5 ਤੋਂ 8 ਤੱਕ ਦਫ਼ਤਰ ਪੁੱਛ ਵਿਚਾਰ ਕੀਤੀ ਜਾ ਸਕਦੀ ਹੈ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਜ਼ਰੂਰ ਦੱਸਣਾ ਜੀ। ਇਕ ਵਿਚਾਰ ਮੇਰੇ ਮਨ ਵਿਚ ਬਹੁਤ ਦੇਰ ਤੋਂ ਸੀ ਕਿ ਮੈਂ ਆਪਨੂੰ ਬੇਨਤੀ ਕਰਾਂ (ਪਹਿਲੇ ਆਪ ਆਪਣਾ ਬੈਂਕ ਅਕਾਊਂਟ ਨੰਬਰ ਦੱਸਣਾ ਤਾਂ ਜੋ ਕੁਝ ਮਾਇਆ ਉਸ ਖਾਤੇ ਵਿਚ ਪਾਈ ਜਾ ਸਕੇ।

ਆਪ ਵਿੱਦਿਆ ਦੇ ਖੇਤਰ ਵਿਚ ਹੋ ਅਤੇ ਪੜ੍ਹਾਈ ਦੇ ਖੇਤਰ ਵਿਚ ਜੋ ਆਚਰਣ ਆਦਤਾਂ ਬੱਚੇ ਧਾਰਨ ਕਰ ਰਹੇ ਹਨ ਉਸਦਾ ਅਸਰ ਵੱਡੇ ਹੋ ਕੇ ਕੀ ਪੈ ਰਿਹਾ ਹੈ ਜਾਂ ਪਵੇਗਾ ਆਪ ਭਲੀ ਪ੍ਰਕਾਰ ਜਾਣਦੇ ਹੋ। ਜੇ ਕਿਤੇ ਇਸ ਸਮੱਸਿਆ ਨੂੰ ਪੜ੍ਹ ਵਿਚਾਰ ਕੇ ਧੀਰਜ ਰੱਖ ਅਗਲੇ 15-20 ਸਾਲਾਂ ਲਈ ਤਾਂ ਕੁਝ ਚੰਗੀ ਆਸ ਬੱਝ ਸਕਦੀ ਹੈ। ਮੇਰਾ ਭਾਵ ਇਹ ਹੈ ਕਿ ਪੜ੍ਹਾਈ ਵਿਚ ਜਾਂ ਨਾਲ Moral Education ਜ਼ਰੂਰੀ ਵਿਸ਼ਾ ਸਮਝ ਕੇ ਪੜ੍ਹਾਈ ਜਾਵੇ। ਮਨੁੱਖੀ ਕਦਰਾਂ ਕੀਮਤਾਂ ਦੀ ਗਲ, ਮਨ ਦੀ ਸ਼ਾਂਤੀ ਦੀ ਗਲ, ਦੇਸ਼ ਕੌਮ ਪਿਆਰ ਦੀ ਗੱਲ ਗੁਰੂ ਤੇ ਬਜ਼ੁਰਗਾਂ ਦੇ ਸਤਿਕਾਰ ਦੀ ਗੱਲ, ਸਾਂਝੀ ਵਾਲਤਾ ਤੇ ਆਪਸੀ ਪਿਆਰ ਦੀ ਗਲ ਆਦਿ ਸਮਝਾਉਣ ਨਾਲ, ਬੱਚੇ ਕਿਉਂਕਿ ਦੇਸ਼ ਕੌਮ ਦੀ ਨੀਂਹ ਹੁੰਦੇ ਹੁੰਦੇ ਹਨ ਚੰਗਾ ਸਮਾਜ ਸਿਰਜਨ ਦੀ ਆਸ ਬਝ ਸਕਦੀ ਹੈ। ਆਪ ਕਿਉਂਕਿ ਪੰਥ ਦਰਦੀ ਵਿਚਾਰਵਾਨ, ਪ੍ਰਭੂ ਚਿੰਤਨ ਵਾਲੇ ਨਿਸ਼ਕਾਮ ਗੁਰਮੁੱਖ ਪਿਆਰੇ ਹੋ ਪਤਾ ਨਹੀਂ ਅਕਾਲ ਪੁਰਖ ਕਿਸ ਉਪਰ ਬਖਸ਼ਿਸ਼ ਭਰਿਅ ਹੱਥ ਰੱਖ ਕੇ ਸੇਵਾ ਕਰਵਾ ਲਵੇ। ਇਸ ਉਪਰ ਵਿਚਾਰ ਜ਼ਰੂਰ ਕਰਨਾ ਅਤੇ ਆਪਨੇ ਖੁੱਲ੍ਹੇ ਵਿਚਾਰ ਆਪਨੀ ਪਤ੍ਰਿਕਾ ਵਿਚ ਜ਼ਰੂਰ ਦੇਣੇ। ਹੋ ਸਕਦਾ ਹੈ ਇਸ ਤਰ੍ਹਾਂ ਆਪਦੇ ਵਿਚਾਰਾਂ ਨਾਲ ਕਿਸੇ ਹੋਰ ਪੰਥ ਦਰਦੀ ਅਤੇ ਪ੍ਰਭੂ ਬਖਸ਼ਿਸ਼ ਵਾਲੇ ਆਪ ਕੋਲੋਂ ਵਧੇਰੇ ਸੇਵਾ ਪ੍ਰਾਪਤ ਕਰ ਸਕਣ। ਕੰਮ ਵੇਖਣ ਨੂੰ ਔਖਾ, ਵੱਡਾ ਤੇ ਕੌਮੀ ਪੱਧਰ ਤੇ ਕਰਨ ਵਾਲਾ ਭਾਸਦਾ ਹੈ ਪਰ ਨਾ ਮੁਮਕਿਨ ਕੁਝ ਵੀ ਨਹੀਂ। ਥੋੜੀ ਜਿਹੀ ਆਵਾਜ਼ ਉਠਾਉਣ ਨਾਲ, ਇਕ ਕਦਮ ਹਜ਼ਾਰਾਂ ਕਦਮਾਂ ਲਈ ਸਹਾਈ ਹੋ ਸਕਦਾ ਹੈ। ਮੈਨੂੰ ਪੂਰਨ ਆਸ ਹੈ ਕਿ ਆਪ ਆਪਨਾ ਅਸਰ ਰਸੂਖ ਹੋਰਨਾਂ ਵੀਰਾਂ ਨਾਲ ਮਿਲ ਕੇ ਜਰੂਰ ਵਰਤੋਗੇ। ਤੇ ਇਸ ਕੌਮੀ ਸੋਚ ਕੌਮੀ ਸੇਵਾ ਵਿਚ ਜ਼ਰੂਰ ਯੋਗਦਾਨ ਇਸ ਅੰਮ੍ਰਿਤ ਕੀਰਤਨ ਅਤੇ ਮਨ ਦੀ ਸ਼ਾਂਤੀ ਨਾਮ ਦੇ ਨਾਲ ਨਾਲ ਆਪਨੇ ਅਮੁੱਲੇ ਵਿਚਾਰਾਂ ਨਾਲ ਧੰਨਵਾਦੀ ਬਣਾਓਗੇ ਜੀ।

*ਪ੍ਰਭਦਿਆਲ ਸਿੰਘ,*

*7273/1, ਗਲੀ ਨੰ: 21, ਨਿਊ ਜਨਤਾ ਨਗਰ,*

*ਲੁਧਿਆਣਾ -141 003*

# ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ

ਭਾਈ ਗੁਰਦਾਸ ਜੀ ਦੇ ਕਬਿੱਤ ਦੀ ਪੂਰੀ ਪੰਗਤੀ ਹੈ-

***ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ***
***ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ।***

ਇਹ ਪੰਗਤੀ ਹਮੇਸ਼ਾਂ ਮੈਨੂੰ ਉਤਸ਼ਾਹਿਤ ਕਰਦੀ ਰਹੀ ਹੈ। ਮੇਰੇ ਇੱਕ ਅਧਿਆਪਕ ਨੇ ਇਸ ਦੇ ਅਰਥ ਕਰਦਿਆਂ ਦੱਸਿਆ ਸੀ ਕਿ ਇਸ ਦੇ ਅਰਥ ਇਹ ਵੀ ਹਨ ਕਿ ਜਦੋਂ ਤੁਸੀਂ ਸਤਿਗੁਰ ਦੇ ਰਾਹ ਤੇ ਚਲਦੇ ਹੋ ਭਾਵ ਕੋਈ ਚੰਗਾ ਕੰਮ ਕਰਨ ਦਾ ਜਤਨ ਕਰਦੇ ਹੋ ਤਾਂ ਸਤਿਗੁਰੂ ਕਈ ਹੋਰ ਐਸੇ ਸਾਧਨ ਬਣਾ ਦਿੰਦਾ ਹੈ ਜਿਹਨਾਂ ਨਾਲ ਤੁਹਾਨੂੰ ਉਹ ਕੰਮ ਕਰਨ ਵਿੱਚ ਸਫਲਤਾ ਮਿਲ ਸਕਦੀ ਹੈ।

ਪਿਛਲੇ ਅੰਕਾਂ ਵਿੱਚ ਅਸੀਂ ਇੱਕ ਸਮੱਸਿਆ ਦੇ ਹੱਲ ਸਬੰਧੀ ਪ੍ਰਸ਼ਨ ਆਪਣੇ ਪਾਠਕਾਂ ਅੱਗੇ ਰੱਖਿਆ ਸੀ। ਸਾਨੂੰ ਖੁਸ਼ੀ ਭਰੀ ਹੈਰਾਨੀ ਹੋਈ ਅਨੇਕਾਂ ਪਾਠਕਾਂ ਨੇ ਕਈ ਪ੍ਰਕਾਰ ਦੇ ਹਲ ਸੁਝਾਏ ਹਨ। ਸੱਚ ਮੁਚ ਹੀ ਗੁਰੂ ਆਪ ਅੱਗੇ ਹੋ ਕੇ ਸਹਾਇਤਾ ਕਰਦਾ ਹੈ। ਸੰਗਤ ਨੂੰ ਗੁਰੂ ਰੂਪ ਕਿਹਾ ਜਾਂਦਾ ਹੈ। ਸਾਡਾ ਪਾਠਕ ਵਰਗ ਵੀ ਤਾਂ ਸੰਗਤ ਹੀ ਹੈ। ਹੁਣ ਸਾਡਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਹੈ ਕਿ ਜੇ ਸਮੱਸਿਆ ਕਿਸੇ ਸਾਰਥਕ ਕਾਰਜ ਬਾਰੇ ਹੈ ਤਾਂ ਇਸ ਦਾ ਹੱਲ ਜਰੂਰ ਨਿਕਲੇਗਾ।

ਇੰਜ ਸੋਚਣ ਨਾਲ ਤਾਂ

***ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥***
***ਸਤਿਗੁਰ ਤੁਮਰੇ ਕਾਜ ਸਵਾਰੇ॥***

ਜਿਹੀਆਂ ਤੁਕਾਂ ਦੇ ਅਰਥ ਹੋਰ ਡੂੰਘੇਰੇ ਜਾਪਣ ਲੱਗ ਪਏ। ਇਸ ਲਈ ਆਪਣੇ ਪਾਠਕਾਂ ਅੱਗੇ ਸਾਡੀ ਬੇਨਤੀ ਹੈ ਕਿ ਉਹ ਆਪਣੀਆਂ ਨਿਜੀ, ਪਰਿਵਾਰਕ, ਸਮਾਜਕ, ਆਰਥਕ ਜਾਂ ਹੋਰ ਸਮੱਸਿਆਵਾਂ ਸਾਡੇ ਨਾਲ ਸਾਂਝੀਆਂ ਕਰਨ। ਅਸੀਂ ਗੁਰੂ (ਸੰਗਤ) ਅੱਗੇ ਉਹਨਾਂ ਨੂੰ ਹੱਲ ਕਰਨ ਲਈ ਅਰਦਾਸ ਕਰਾਂਗੇ। ਸਾਨੂੰ ਵਿਸ਼ਵਾਸ ਹੈ ਕਿ ਸਾਡੀ ਅਰਦਾਸ ਬਿਰਥੀ ਨਹੀਂ ਜਾਵੇਗੀ। ਸਾਡੀ ਸੰਗਤ ਵਿੱਚ ਅਜਿਹੇ ਸਫਲ ਅਤੇ ਤਜਰਬੇਕਾਰ ਵਿਅਕਤੀ ਸ਼ਾਮਲ ਹਨ ਜਿਹੜੇ ਦੂਜਿਆਂ ਦੀ ਸਹਾਇਤਾ ਕਰਨ ਲਈ ਤਤਪਰ ਰਹਿੰਦੇ ਹਨ। ਇਹਨਾਂ ਵਿੱਚ ਸਫਲ ਡਾਕਟਰ, ਸਫਲ ਵਾਪਾਰੀ, ਯੂਨੀਵਰਸਟੀਆਂ ਦੇ ਪ੍ਰੋਫੈਸਰ, ਸਿਆਸਤਦਾਨ, ਸਮਾਜ ਸੇਵੀ, ਆਈ. ਏ. ਐਸ., ਪੀ. ਸੀ. ਐਸ., ਮਿਲਟਰੀ ਦੇ ਅਫਸਰ, ਲੇਖਕ, ਕਲਾਕਾਰ, ਸੰਗੀਤਕਾਰ ਆਦਿ ਸ਼ਾਮਲ ਹਨ ਇਸ ਲਈ ਗੁਰੂ ਕਿਰਪਾ ਸਦਕਾ ਤੁਹਾਡੀ ਹਰ ਸਮੱਸਿਆ ਦਾ ਹੱਲ ਨਿਕਲੇਗਾ।

ਤੁਸੀਂ ਆਪਣੀ ਸਮੱਸਿਆ ਸਾਨੂੰ ਭੇਜਕੇ ਇੱਕ ਸਾਰਥਕ ਕਾਰਜ ਕਰ ਰਹੇ ਹੋਵੋਗੇ। ਇਸ ਨਾਲ ਜਿਥੇ ਤੁਹਾਡਾ ਭਲਾ ਹੋਵੇਗਾ ਉਥੇ ਇਹ ਮੈਗਜੀਨ ਹੋਰ ਪੜ੍ਹਨ ਵਾਲਿਆਂ ਹੋਰ ਅਨੇਕਾਂ ਨੂੰ ਲਾਭ ਪੁਜੇਗਾ। ਕਈਆਂ ਵਿੱਚ ਇਤਨਾ ਹੌਸਲਾ ਜਾਂ ਤਤਪਰਤਾ ਨਹੀਂ ਹੁੰਦੀ ਕਿ ਉਹ ਆਪਣੀ ਸਮੱਸਿਆ ਸਾਰਿਆਂ ਅੱਗੇ ਰੱਖ ਸਕਣ। ਕਈਆਂ ਵਿੱਚ ਇੱਕ ਖਾਸ ਪ੍ਰਕਾਰ ਦੀ ਝਿਝਕ ਹੁੰਦੀ ਹੈ ਕਈ ਆਪਣਾ ਦੁੱਖ ਕਿਸੇ ਨੂੰ ਦੱਸਣਾ ਆਪਣੀ ਸ਼ਾਨ ਦੇ ਖਿਲਾਫ ਸਮਝਦੇ ਹਨ। ਮੈਗਜੀਨ ਵਿਚ ਸਮਸਿਆਵਾਂ ਦਾ ਹੱਲ ਛਾਪਣ ਨਾਲ ਉਹਨਾਂ ਦਾ ਵੀ ਭਲਾ ਹੋਣ ਦੀ ਸੰਭਾਵਨਾ ਹੈ।

ਤੁਸੀਂ ਆਪਣੀਆਂ ਸਮੱਸਿਆਵਾਂ ਚਿੱਠੀ ਰਾਹੀਂ ਅੰਮ੍ਰਿਤ ਕੀਰਤਨ ਦੇ ਐਡਰੈਸ ਤੇ ਜਾਂ ਮੁਬਾਈਲ ਨੰ. 09814053630 ਉੱਤੇ SMS ਰਾਹੀਂ ਭੇਜ ਸਕਦੇ ਹੋ। ਸੋ ਆਓ ਇਸ ਸਮਾਜ ਨੂੰ ਸੰਗੀਤ ਭਰਪੂਰ ਅਤੇ ਸੁਹਾਵਣਾ ਬਣਾਉਣ ਲਈ ਆਪਣਾ ਯੋਗਦਾਨ ਪਾਈਏ।

ਤੁਹਾਡੇ ਹੁੰਗਾਰੇ ਉਡੀਕ ਵਿੱਚ

# ਸ੍ਰਵਣ ਦਾ ਬਿਬੇਕ

ਜਸਵੰਤ ਸਿੰਘ ਨੇਕੀ

ਕਿਸੇ ਸਿਆਣਪ ਨਾਲ ਹੀ ਕੁਦਰਤ ਨੇ ਮਨੁੱਖ ਨੂੰ ਮੂੰਹ ਇਕ ਤੇ ਕੰਨ ਦੋ ਦਿੱਤੇ ਹਨ। ਇਹ ਇਸ ਲਈ ਕਿ ਉਹ ਬੋਲੇ ਘੱਟ ਅਤੇ ਸੁਣੇ ਬਹੁਤਾ; ਬੋਲੇ ਸੋਚ ਕੇ, ਸੁਣੇ ਸਾਵਧਾਨ ਹੋ ਕੇ। ਗੁਰੂ ਨਾਨਕ ਸਾਹਿਬ ਦਾ ਬਚਨ ਹੈ:

***ਜਬ ਲਗੁ ਦੁਨੀਆ ਰਹੀਐ***
***ਨਾਨਕ ਕਿਛੁ ਸੁਣੀਐ ਕਿਛੁ ਕਹੀਐ॥***

(ਧਨਾਸਰੀ ਮਹਲਾ 1, ਪੰਨਾ 661)

ਇਸੇ ਪ੍ਰਕਾਰ ਕਬੀਰ ਜੀ ਵੀ ਕਹਿੰਦੇ ਹਨ:

***ਸੰਤੁ ਮਿਲੈ ਕਿਛੁ ਸੁਣੀਐ ਕਹੀਐ॥***
***ਮਿਲੈ ਅਸੰਤੁ ਮਸਟਿ ਕਰਿ ਰਹੀਐ॥***

(ਗੋਂਡ ਕਬੀਰ ਜੀ, ਪੰਨਾ 870)

ਉਪਰੋਕਤ ਦੋਵੇਂ ਕਥਨ 'ਸੁਣਨ' ਨੂੰ ਪਹਿਲ ਅਤੇ 'ਬੋਲਣ' ਨੂੰ ਦੂਜ ਦੇਂਦੇ ਹਨ। ਇਉਂ ਇਹ ਸ੍ਰਵਣ ਦੀ ਮਹੱਤਤਾ ਦਰਸਾਉਂਦੇ ਹਨ।

ਭਾਰਤ ਦੀ ਅਧਿਆਤਮਕ ਪਰੰਪਰਾ ਵਿਚ ਸੁਣਨ ਦਾ ਵੱਡਾ ਮਹਾਤਮ ਹੈ। ਹਰ ਗੁਰੂ- ਪਰੰਪਰਾ ਵਿਚ ਸਿੱਧਾਤਾਂ ਨੂੰ ਪੀੜ੍ਹੀਓ-ਪੀੜ੍ਹੀ ਅੱਗੇ ਤੋਰਨ ਦਾ ਕੰਮ ਸ੍ਰਵਣ ਰਾਹੀਂ ਹੀ ਸੰਪੰਨ ਹੁੰਦਾ ਆਇਆ ਹੈ।

ਉਹ ਪਰੰਪਰਾ ਜੋ ਰਿਸ਼ੀਆਂ ਉਪਰ ਸਿੱਧੀ ਪ੍ਰਗਟ ਹੋਈ, ਅਥਵਾ ਜੋ ਰਿਸ਼ੀਆਂ ਨੇ ਆਪ ਸੁਣੀ, 'ਸ਼ਰੁਤੀ' ਕਹਾਉਂਦੀ ਹੈ। ਇਸ ਨਾਤੇ ਵੇਦਾਂ ਨੂੰ ਵੀ 'ਸ਼ਰੁਤੀ' ਕਿਹਾ ਜਾਂਦਾ ਹੈ।

ਜੈਨ ਧਰਮ ਵਿਚ ਵੀ ਸ੍ਰਵਣ ਦਾ ਬੜਾ ਮਹਾਤਮ ਹੈ। ਉਹ ਸਾਧਕ ਜੋ ਸ੍ਰਵਣ ਵਿਚ ਪ੍ਰਬੀਨ ਹੋ ਜਾਦਾ ਹੈ, ਅਥਵਾ ਜਿਸ ਨੇ ਸੁਣਨ ਦੀ ਕਲਾ ਨੂੰ ਸਾਧ ਲਿਆ ਹੁੰਦਾ ਹੈ, 'ਸ਼ਰਾਵਕ' ਕਹਾਉਂਦਾ ਹੈ।

ਸਿੱਖ ਪਰੰਪਰਾ ਵਿਚ ਵੀ ਸੁਣਨ ਦਾ ਬੜਾ ਮਹਾਤਮ ਹੈ। ਜਪੁਜੀ ਸਾਹਿਬ ਵਿਚ ਲਗਾਤਾਰ ਚਾਰ ਪਉੜੀਆਂ 'ਸੁਣਿਐ' ਬਾਰੇ ਹਨ। ਇਵੇਂ ਹੀ ਵਾਰ ਸਾਰੰਗ ਵਿਚ ਵੀ ਚਾਰ ਪਉੜੀਆਂ ਹਨ, ਜੋ ਸੁਣਨ ਨਾਲ ਹੀ ਸੰਬੰਧ ਰੱਖਦੀਆਂ ਹਨ।

ਵੈਸੇ ਤਾਂ ਹਰ ਵਿਅਕਤੀ ਮੰਨੀ ਫਿਰਦਾ ਹੈ ਕਿ ਉਹ ਸੁਣਨ ਦੇ ਸਮਰੱਥ ਹੈ, ਪਰ ਸੱਚ ਇਹ ਹੈ ਕਿ ਸਾਰੇ ਲੋਕ ਸੁਣਨਹਾਰ ਨਹੀਂ ਹੁੰਦੇ। ਸੁਣਨ ਦੇ ਸਮਰੱਥ ਕੇਵਲ ਉਹੋ ਜਨ ਹੁੰਦੇ ਹਨ, ਜੋ ਮਨ ਦੇ ਦਰਵਾਜੇ ਖੋਲ੍ਹ ਕੇ ਰੱਖਦੇ ਹਨ ਤੇ ਸੁਣਾਏ ਗਏ ਹਰ ਬੋਲ ਨੂੰ ਅੰਦਰ ਆਉਣ ਦੀ ਖੁੱਲ੍ਹੀ ਇਜਾਜ਼ਤ ਦਿੰਦੇ ਹਨ। ਏਡੀ ਖੁੱਲ੍ਹ-ਦਿਲੀ ਨਾਲ ਇਜਾਜ਼ਤ ਦੇ ਸਕਣੀ ਤਦੇ ਹੀ ਸੰਭਵ ਹੁੰਦੀ ਹੈ, ਜੇ ਮਨ ਆਪਣੇ ਅੰਦਰ ਦੇ ਸਮਸਤ ਰੌਲੇ, ਸਾਰੇ ਵਾਰਤਾਲਾਪ ਸਮਾਪਤ ਕਰ ਆਪ ਸੁਧੀ ਨਿਰਮਲ ਸੁਰਤ ਹੋ ਗਿਆ ਹੋਵੇ।

ਵੇਖਿਆ ਜਾਵੇ ਤਾਂ ਸਧਾਰਨ ਸੁਣਨ ਦੇ ਵੀ ਕਈ ਪੱਧਰ ਹੁੰਦੇ ਹਨ। ਇਸ ਪ੍ਰਕਰਣ ਵਿਚ ਇਕ ਪ੍ਰਾਚੀਨ ਕਹਾਣੀ ਇਸ ਪ੍ਰਕਾਰ ਹੈ:

ਮਹਾਰਾਜਾ ਬਿਕਰਮਾਦਿਤਯ ਦੇ ਦਰਬਾਰ ਵਿਚ ਇਕ ਬੁੱਤ ਘਾੜਾ ਤਿੰਨ ਬੁੱਤ ਲੈ ਕੇ ਆਇਆ, ਜੋ ਵੇਖਣ ਵਿਚ ਬਿਲਕੁਲ ਇਕੋ ਜਿਹੇ ਲੱਗਦੇ ਸਨ, ਪਰ ਉਹ ਕਹਿਣ ਲੱਗਾ, "ਇਹ ਤਿੰਨ ਬੁੱਤ ਜੋ ਮੈਂ ਆਪ ਦੇ ਹਜ਼ੂਰ ਲੈ ਕੇ ਆਇਆ ਹਾਂ, ਆਪੋ ਵਿਚ ਬੜੇ ਹੀ ਵਿਲੱਖਣ ਅਤੇ ਨਿਵੇਕਲੇ ਹਨ। ਕ੍ਰਿਪਾ ਕਰਕੇ ਇਹਨਾਂ ਦਾ ਮੁੱਲ ਪਾਓ ਤੇ ਮੈਨੂੰ ਦੇ ਕੇ ਕ੍ਰਿਤਾਰਥ ਕਰੋ।" ਉਹ ਤਿੰਨੇ ਬੁੱਤ ਮਹਾਰਾਜੇ ਨੂੰ ਇਕੋ ਜਿਹੇ ਲੱਗੇ, ਸੋ ਉਸ ਨੇ ਆਪਣੇ ਦਰਬਾਰੀਆਂ ਨੂੰ ਇਸ਼ਾਰਾ ਕੀਤਾ ਕਿ ਉਹ ਜਾਂਚ ਕਰਕੇ ਦੱਸਣ ਕਿ ਉਹਨਾਂ ਬੁੱਤਾਂ ਵਿਚ ਕੋਈ ਫਰਕ ਹੈ ਵੀ ਕਿ ਨਹੀਂ। ਉਹਨਾਂ ਸਭ ਨੇ ਉਹਨਾਂ ਬੁੱਤਾਂ ਦਾ ਰੰਗ, ਉਹਨਾਂ ਦੀ ਬਣਤਰ, ਪੈਂਠ ਤੇ ਸੰਰਚਨਾ ਨੂੰ ਵੇਖਿਆ-ਜੋਖਿਆ, ਫਿਰ ਉਹਨਾਂ ਨੂੰ ਮਾਪਿਆ, ਤੋਲਿਆ ਪਰ ਕੋਈ ਫ਼ਰਕ ਨਜ਼ਰ ਨਾ ਆਇਆ। ਤਦ ਉਹਨਾਂ ਆਪਣੇ ਹੱਥ ਉਚੇ ਕਰ ਦਿੱਤੇ ਅਤੇ ਕਿਹਾ,

"ਮਹਾਰਾਜ ਇਹ ਤਿੰਨੇ ਤਾਂ ਬਿਲਕੁਲ ਇਕੋ ਜਿਹੇ ਲਗਦੇ ਹਨ।" ਪਰ ਬੁੱਤ-ਘਾੜਾ ਕਹੀ ਜਾਵੇ, ਨਹੀਂ ਜੀ! ਇਹ ਆਪੋ ਵਿਚ ਬਿਲਕੁਲ ਵੱਖਰੀ ਤੇ ਵਿਲੱਖਣ ਪ੍ਰਕ੍ਰਿਤੀ ਵਾਲੇ ਬੁੱਤ ਹਨ।" ਉਹਨਾਂ ਦਰਬਾਰੀਆਂ ਵਿਚ ਇਕ ਕਾਲੀਦਾਸ ਵੀ ਸੀ, ਜੋ ਅਜੇ ਤੱਕ ਪਿੱਛੇ ਖਲੋਤਾ ਸਭ ਕੁਝ ਵੇਖ ਰਿਹਾ ਸੀ। ਜਦ ਸਾਰੇ ਹਾਰ ਗਏ ਤਾਂ ਉਹ ਅੱਗੇ ਵਧਿਆ ਤੇ ਕਹਿਣ ਲੱਗਾ, "ਠਹਿਰੋ ਮੈਨੂੰ ਕੋਸ਼ਿਸ਼ ਕਰ ਲੈਣ ਦਿਓ।" ਜਦ ਉਸ ਨੇ ਇਕ ਲੰਮਾ ਜਿਹਾ ਤੀਲਾ ਫੜਿਆ ਤੇ ਪਹਿਲੇ ਬੁੱਤ ਦੇ ਇਕ ਕੰਨ ਵਿਚ ਪਾਇਆ ਤਾਂ ਉਹ ਦੂਜੇ ਕੰਨ ਵਿਚੋਂ ਨਿਕਲ ਗਿਆ। ਦੂਜੇ ਬੁੱਤ ਦੇ ਕੰਨ ਵਿਚ ਪਾਇਆ ਤਾਂ ਉਸ ਦੇ ਮੂੰਹ ਵਿਚੋਂ ਨਿਕਲ ਆਇਆ। ਤੀਸਰੇ ਦੇ ਕੰਨ ਵਿਚ ਪਾਇਆ ਤਾਂ ਤੀਲਾ ਬਾਹਰ ਨਹੀਂ ਆਇਆ, ਉਸ ਦੇ ਅੰਦਰ ਚਲਾ ਗਿਆ। ਤਦ ਕਾਲੀਦਾਸ ਨੇ ਕਿਹਾ, "ਮਹਾਰਾਜ ਪਹਿਲੇ ਬੁੱਤ ਦੀ ਕੀਮਤ ਇਕ ਦਮੜੀ ਵੀ ਨਹੀਂ। ਬੁੱਤ-ਘਾੜੇ ਨੂੰ ਇਹਦੇ ਲਈ ਕੁਝ ਵੀ ਨਾ ਦਿਉ। ਦੂਜੇ ਦੀ ਕੀਮਤ ਇਕ ਮੋਹਰ ਹੈ, ਸੋ ਇਹ ਉਸ ਨੂੰ ਦੇ ਦਿਓ। ਤੀਜੇ ਬਾਰੇ ਕਹਿਣੋਂ ਝਕਦਾ ਹਾਂ, ਪਰ ਸੱਚ ਇਹ ਹੈ ਕਿ ਉਸ ਦਾ ਮੁੱਲ ਆਪ ਦਾ ਸਾਰਾ ਖਜ਼ਾਨਾ ਵੀ ਤਾਰ ਨਹੀਂ ਸਕਦਾ। ਮਹਾਰਾਜੇ ਨੇ ਕਿਹਾ, "ਜ਼ਰਾ ਸਾਨੂੰ ਵੀ ਸਮਝਾ ਕਿ ਇਹਨਾਂ ਵਿਚ ਏਡਾ ਫਰਕ ਹੈ ਕੀ?" ਤਦ ਕਾਲੀਦਾਸ ਨੇ ਕਿਹਾ, "ਮਹਾਰਾਜ ਇਹ ਤਿੰਨ ਬੁੱਤ ਵੱਖ-ਵੱਖ ਪ੍ਰਕਾਰ ਦੇ ਸ੍ਰੋਤਿਆਂ ਦੇ ਪ੍ਰਤੀਕ ਹਨ। ਪਹਿਲਾ ਬੁੱਤ ਐਸੇ ਵਿਅਕਤੀ ਦਾ ਸੂਚਕ ਹੈ, ਜੋ ਇਕ ਕੰਨ ਥਾਈਂ ਸੁਣ ਕੇ ਦੂਜੇ ਵਿਚੋਂ ਬਾਹਰ ਕੱਢ ਦਿੰਦਾ ਹੈ। ਐਸਾ ਸ੍ਰੋਤਾ ਬੇਕਾਰ ਹੈ, ਦਮੜੀ ਮੁੱਲ ਦਾ ਵੀ ਨਹੀਂ। ਦੂਸਰਾ ਸ੍ਰੋਤਾ ਕੰਨ 'ਚੋਂ ਸੁਣ ਕੇ ਸੁਣੇ ਹੋਏ ਦੀ ਤਾਰੀਫ ਕਰਦਾ ਹੈ, ਪਰ ਉਸ ਪਰ ਅਮਲ ਨਹੀਂ ਕਰਦਾ। ਐਸਾ ਸ੍ਰੋਤਾ ਕੇਵਲ ਇਕ ਮੋਹਰ ਦਾ ਹੱਕਦਾਰ ਹੈ। ਤੀਜਾ ਸ੍ਰੋਤਾ ਸੁਣੇ ਹੋਏ ਉਪਦੇਸ਼ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ ਤੇ ਆਪਣੇ ਆਚਰਨ ਵਿਚ ਢਾਲ ਲੈਂਦਾ ਹੈ। ਐਸਾ ਸ੍ਰੋਤਾ ਅਮੋਲਕ ਹੁੰਦਾ ਹੈ, ਉਸ ਦਾ ਮੁੱਲ ਇਕ ਖ਼ਜ਼ਾਨਾ ਤਾਂ ਕੀ, ਦੁਨੀਆ ਭਰ ਦੇ ਸਾਰੇ ਖ਼ਜ਼ਾਨੇ ਰਲ ਕੇ ਵੀ ਤਾਰ ਨਹੀਂ ਸਕਦੇ।"

ਆਮ ਲੋਕ ਤਾਂ ਸੁਣਦੇ ਵੀ ਉਹੋ ਕੁਝ ਹਨ, ਜੋ ਉਹ ਸੁਣਨਾ ਪਸੰਦ ਕਰਦੇ ਹਨ, ਜਿਸ ਨੂੰ ਸੁਣ ਕੇ ਕੋਈ ਪਰੇਸ਼ਾਨੀ ਨਾ ਹੋਵੇ, ਜੋ ਉਹਨਾਂ ਦੇ ਸੁਭਾਉ ਤੇ ਆਦਤਾਂ ਦੇ ਅਨੁਕੂਲ ਹੋਵੇ। ਫਿਰ ਜੇ ਅਸਾਂ ਉਹੋ ਕੁਝ ਹੀ ਸੁਣਨਾ ਹੈ, ਜੋ ਸਾਡੇ ਆਪਣੇ ਅਨੁਕੂਲ ਹੈ, ਤਾਂ ਉਹ ਸਾਨੂੰ ਬਦਲ ਕਿਵੇਂ ਸਕਦਾ ਹੈ? ਈਸਾਈ ਲੋਕ ਕੇਵਲ ਈਸਾਈ ਪਾਦਰੀ ਨੂੰ ਹੀ ਸੁਣਨਾ ਚਾਹੁੰਦੇ ਹਨ, ਮੁਸਲਮਾਨ ਆਪਣੇ ਮੁੱਲਾਂ ਮੌਲਾਣੇ ਨੂੰ, ਹਿੰਦੂ ਜਾਂ ਬੋਧੀ ਆਪੋ-ਆਪਣੇ ਪੰਡਿਤ ਜਾਂ ਸਾਧੂ ਨੂੰ ਅਤੇ ਸਿੱਖ ਆਪਣੇ ਗਿਆਨੀ ਪ੍ਰਚਾਰਕ ਨੂੰ। ਅਸੀਂ ਸਭ ਆਪਣੇ ਹੀ ਵਿਚਾਰਾਂ ਦੀ ਗੂੰਜ ਸੁਣਨਾ ਪਸੰਦ ਕਰਦੇ ਹਾਂ। ਸੋ ਅਸੀਂ ਆਪਣੇ ਪੱਧਰ ਤੋਂ ਉੱਪਰ ਨਹੀਂ ਉੱਠ ਸਕਦੇ। ਇਸ ਪ੍ਰਕਾਰ ਦੀ ਨਿਜ-ਸਹੇੜੀ ਜਕੜ ਤੋਂ ਮੁਕਤ ਹੋਏ ਬਿਨਾਂ ਸਾਡੇ ਅੰਦਰ ਕੋਈ ਪਰਿਵਰਤਨ ਸੰਭਵ ਕਿਵੇਂ ਹੋ ਸਕਦਾ ਹੈ?

ਬੜੇ ਘੱਟ ਸ੍ਰੋਤੇ ਗੰਭੀਰਤਾ ਨਾਲ ਸੁਣਦੇ ਹਨ। ਐਸੇ ਸ੍ਰੋਤੇ ਸਭ ਤੋਂ ਪਹਿਲਾਂ ਆਪਣੇ ਅੰਦਰ ਚੱਲ ਰਹੀ ਮਨ-ਬਚਨੀ ਨੂੰ ਚੁੱਪ ਕਰਾ ਦਿੰਦੇ ਹਨ। ਉਹ ਆਪਣੇ ਅੰਦਰ ਚਲਦੇ ਹਰੇਕ ਵਾਰਤਾਲਾਪ ਨੂੰ ਸ਼ਾਂਤ ਕਰ ਲੈਂਦੇ ਹਨ। ਤਦ ਇਉਂ ਪ੍ਰਤੀਤ ਕਰਦੇ ਹਨ, ਜਿਵੇਂ ਕੋਈ ਆਕਾਸ਼ ਉਹਨਾਂ ਦੇ ਅੰਦਰ ਖੁੱਲ੍ਹ ਗਿਆ ਹੋਵੇ। ਫਿਰ ਉਹ ਸਹਿਜ ਹੀ ਉਚੇਰੀ ਸੁਰਤ ਦੇ ਧਾਰਨੀ ਹੋ ਜਾਂਦੇ ਹਨ। ਐਸੇ ਸੁਣਨਹਾਰੇ ਬੜੇ ਵਿਰਲੇ ਹੁੰਦੇ ਹਨ। ਉਹ ਤਾਂ ਖਾਮੋਸ਼ੀ ਦੇ ਬੋਲਾਂ ਨੂੰ ਵੀ ਸਮਝਣ ਦੀ ਸਮਰੱਥਾ ਰੱਖਦੇ ਹਨ। ਮਹਾਤਮਾ ਬੁੱਧ ਦੇ ਜੀਵਨ ਦੀ ਇਕ ਘਟਨਾ ਐਸੇ ਹੀ ਇਕ ਗੰਭੀਰ ਸ੍ਰੋਤੇ ਦੀ ਸ਼ਾਹਦੀ ਭਰਦੀ ਹੈ।

ਮਹਾਤਮਾ ਬੁੱਧ ਤੇ ਉਹਨਾਂ ਦਾ ਚਹੇਤਾ ਸ਼ਿਸ਼ ਆਨੰਦ ਦੋਵੇਂ ਇਕੱਠੇ ਬੈਠੇ ਹੋਏ ਸਨ, ਜਦ ਇਕ ਬੰਦਾ ਆਇਆ ਤੇ ਮਹਾਤਮਾ ਜੀ ਨੂੰ ਕਹਿਣ ਲੱਗਾ, "ਮਹਾਰਾਜ, ਮੈਂ ਕਿਸੇ ਰੱਬ ਵਿਚ ਵਿਸ਼ਵਾਸ ਨਹੀਂ ਰੱਖਦਾ। ਕ੍ਰਿਪਾ ਕਰਕੇ ਦੱਸੋ ਇਸ ਬਾਰੇ ਆਪ ਦਾ ਕੀ ਵਿਚਾਰ ਹੈ?" ਮਹਾਤਮਾ ਜੀ ਬੋਲੇ, "ਤੈਨੂੰ ਕਿਵੇਂ ਪਤਾ ਹੈ ਕਿ ਰੱਬ ਕੋਈ ਨਹੀਂ? ਜੇ ਰੱਬ ਹੈ ਨਹੀਂ ਤਾਂ ਇਹ ਸਾਰਾ ਬ੍ਰਹਿਮੰਡ ਕਿਸ ਨੇ ਸਾਜਿਆ?" ਉਹ ਬੰਦਾ ਸੁਣ ਕੇ ਪ੍ਰੇਸ਼ਾਨ ਹੋ ਗਿਆ ਤੇ ਤੁਰਤ ਚਲਿਆ ਗਿਆ।

ਤਦ ਇਕ ਹੋਰ ਬੰਦਾ ਆ ਗਿਆ। ਉਹ ਕਹਿਣ ਲੱਗਾ, "ਮਹਾਰਾਜ, ਮੈਂ ਸਮਝਦਾ ਹਾਂ ਇਸ ਏਡੇ ਵੱਡੇ ਬ੍ਰਹਿਮੰਡ ਨੂੰ ਸਿਰਜਨ ਵਾਲਾ ਕੇਵਲ ਰੱਬ ਹੀ ਹੋ ਸਕਦਾ ਹੈ। ਇਸ ਲਈ ਮੈਂ ਰੱਬ ਦੀ ਹੋਂਦ ਵਿਚ ਵਿਸ਼ਵਾਸ ਰੱਖਦਾ ਹਾਂ। ਕੀ ਤੁਸੀਂ ਮੇਰੇ ਵਿਸ਼ਵਾਸ ਨੂੰ ਸਹੀ ਸਮਝਦੇ ਹੋ?" ਮਹਾਤਮਾ ਜੀ ਨੇ ਕਿਹਾ, "ਤੈਨੂੰ ਕਿਵੇਂ ਪਤਾ ਹੈ ਕਿ ਕੋਈ ਰੱਬ ਹੈ ਵੀ? ਤੂੰ ਕਦੇ ਵੇਖਿਆ ਹੈ? ਜਾ ਐਵੇਂ ਵਿਹਲੀਆਂ ਗੱਲਾਂ ਨਾ ਮਾਰਿਆ ਕਰ!" ਤਦ ਇਹ ਦੂਜਾ ਬੰਦਾ ਵੀ ਚਲਿਆ ਗਿਆ। ਝੱਟ ਕੁ ਨੂੰ ਇਕ ਹੋਰ ਆਦਮੀ ਆ ਗਿਆ ਤੇ ਕਹਿਣ ਲੱਗਾ, "ਮਹਾਰਾਜ ਮੈਂ ਨਿੱਪਟ ਅਨਜਾਣ ਆਦਮੀ ਹਾਂ। ਮੈਨੂੰ ਨਹੀਂ ਪਤਾ ਕਿ ਰੱਬ ਹੈ ਕਿ ਨਹੀਂ। ਆਪ ਦੇ ਪਾਸ ਆਇਆ ਹਾਂ ਕਿ ਤੁਸੀਂ ਮੈਨੂੰ ਗਿਆਨ ਬਖਸ਼ੋ।" ਮਹਾਤਮਾ ਜੀ ਕੁਝ ਨਹੀਂ ਬੋਲੇ। ਬਸ ਅੱਖਾਂ ਮੀਟ ਕੇ ਅੰਤਰ-ਧਿਆਨ ਹੋ ਗਏ। ਉਸ ਆਦਮੀ ਨੇ ਵੀ ਉਹਨਾਂ ਵੱਲ ਵੇਖ ਕੇ ਅੱਖਾਂ ਮੀਟ ਲਈਆਂ ਤੇ ਅੰਤਰ-ਧਿਆਨ ਹੋ ਗਿਆ ਤੇ ਕਿਤਨਾ ਚਿਰ ਅਹਿਲ ਬੈਠਾ ਰਿਹਾ। ਉਸ ਦੇ ਨੇਤਰ ਵੀ ਉਦੋਂ ਹੀ ਖੁੱਲ੍ਹੇ ਜਦੋਂ ਮਹਾਤਮਾ ਜੀ ਦੇ ਖੁੱਲ੍ਹੇ। ਉਹ ਮੁਸਕਰਾਇਆ ਤੇ ਮਹਾਤਮਾ ਬੁੱਧ ਨੂੰ ਮੱਥਾ ਟੇਕ ਕੇ ਤੇ ਉਹਨਾਂ ਦੀ ਚਰਨ-ਧੂੜ ਆਪਣੇ ਮਸਤਕ 'ਤੇ ਲਗਾ ਕੇ ਚਲਾ ਗਿਆ।

ਆਨੰਦ, ਜੋ ਇਹਨਾਂ ਤਿੰਨ ਬੰਦਿਆਂ ਨਾਲ ਹੋਈ ਮਹਾਤਮਾ ਦੀ ਵਾਰਤਾ ਸੁਣ ਰਿਹਾ ਸੀ, ਬੜਾ ਹੈਰਾਨ ਹੋਇਆ ਤੇ ਮਹਾਤਮਾ ਜੀ ਨੂੰ ਪੁੱਛਣ ਲੱਗਾ, "ਇਹਨਾਂ ਤਿੰਨ ਜਣਿਆਂ ਨਾਲ ਜੋ ਤੁਸੀਂ ਵਾਰਤਾ ਕੀਤੀ, ਮੇਰੇ ਤਾਂ ਸਮਝ ਨਹੀਂ ਆਈ।" ਮਹਾਤਮਾ ਜੀ ਬੋਲੇ, "ਪਹਿਲੇ ਦੋਨੋਂ ਤਾਂ ਆਪੋ-ਆਪਣੇ ਵਿਚਾਰ ਲੈ ਕੇ ਆਏ ਸਨ ਤੇ ਕੇਵਲ ਮੇਰੀ ਪ੍ਰੋੜ੍ਹਤਾ ਦੇ ਅਭਿਲਾਖੀ ਸਨ। ਮੈਂ ਉਹਨਾਂ ਦੀਆਂ ਮਨੌਤਾਂ ਨੂੰ ਅਪ੍ਰਵਾਨ ਇਸ ਲਈ ਕੀਤਾ ਕਿ ਉਹ ਜਾ ਕੇ ਹੋਰ ਸੋਚਣ। ਤੀਜਾ ਬੰਦਾ ਆਪਣਾ ਅਗਿਆਨ ਲੈ ਕੇ ਆਇਆ ਸੀ ਤੇ ਮੈਥੋਂ ਗਿਆਨ ਦਾ ਰਾਹ ਪੁੱਛਦਾ ਸੀ। ਤਦ ਮੈਂ ਅੱਖਾਂ ਮੀਟ ਲਈਆਂ ਤੇ ਅੰਤਰ-ਧਿਆਨ ਹੋ ਗਿਆ- ਉਸ ਨੂੰ ਸਮਝਾਉਣ ਹਿਤ ਕਿ ਗਿਆਨ ਆਪਣੇ ਅੰਦਰ ਦੀ ਸੋਝੀ ਹੈ, ਜੋ ਅੰਦਰੋਂ ਹੀ ਲੱਭਦਾ ਹੈ, ਬਾਹਰ ਦੇ ਰੌਲੇ-ਗੌਲੇ 'ਚੋਂ ਨਹੀਂ। ਮੇਰੇ ਵੱਲ ਵੇਖ ਕੇ ਉਸ ਨੇ ਵੀ ਅੱਖਾਂ ਮੀਟ ਲਈਆਂ ਤੇ ਅੰਤਰ-ਧਿਆਨ ਹੋ ਗਿਆ। ਉਸ ਦੀ ਮੁਸਕ੍ਰਾਹਟ ਦੱਸ ਗਈ ਕਿ ਉਸ ਦੇ ਗਿਆਨ ਚਕਸ਼ੂ ਖੁੱਲ੍ਹ ਗਏ ਸਨ।"

ਅਸਲ ਸ੍ਰੋਤਾ ਓਹੀ ਹੈ, ਜੋ ਖਾਮੋਸ਼ੀ ਦੀ ਵਾਰਤਾ ਸੁਣ ਸਕਦਾ ਹੈ। ਸੱਚਮੁਚ ਇਉਂ ਸੁਣਨ ਦੀ ਜਾਚ ਆਸਾਨੀ ਨਾਲ ਨਹੀਂ ਆਉਂਦੀ। ਇਹ ਤਾਂ ਇਕ ਸਜੀਵ ਕਲਾ ਹੈ, ਜੋ ਲੰਮੇ ਤੇ ਸੰਤੋਖਵਾਨ ਅਭਿਆਸ ਰਾਹੀਂ ਸਿੱਖਣੀ ਪੈਂਦੀ ਹੈ। ਜੋ ਖਾਮੋਸ਼ੀ ਨਾਲ ਜਾਣੂ ਨਹੀਂ ਹੋਇਆ, ਉਹ ਬੋਲਾਂ ਦਾ ਭੇਦ ਵੀ ਨਹੀਂ ਪਾ ਸਕਦਾ। ਇਹ ਖਾਮੋਸ਼ੀ ਹੀ ਤਾਂ ਹੈ, ਜਿਸ ਵਿਚੋਂ ਬ੍ਰਹਿਮੰਡ ਉਪਜਿਆ। ਸੂਰਜ ਉਸੇ ਵਿਚੋਂ ਚੜ੍ਹਦਾ ਹੈ, ਬੀਜ ਉਸੇ ਵਿਚੋਂ ਫੁੱਟਦੇ ਹਨ, ਤਾਰੇ ਉਸੇ ਵਿਚ ਟਿਮਟਿਮਾਉਂਦੇ ਹਨ। ਜ਼ਿੰਦਗੀ ਉਸੇ ਵਿਚੋਂ ਉਪਜਦੀ ਤੇ ਉਸੇ ਵਿਚ ਸਮਾ ਜਾਂਦੀ ਹੈ।

ਇਕ ਵਚਿੱਤਰ ਘਟਨਾ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਵਿਚ ਆਉਂਦੀ ਹੈ:

ਇਕ ਸਾਧੂ ਗੁਰੂ ਨਾਨਕ ਪਾਸ ਆਇਆ ਤੇ ਬੇਨਤੀ ਕੀਤੀ, "ਗੁਰੂ ਮਹਾਰਾਜ! ਕ੍ਰਿਪਾ ਕਰਕੇ ਆਪ ਪਹਿਲਾਂ ਮੈਨੂੰ ਮਿਟਾ ਦਿਓ ਤੇ ਮੁੜ ਸੁਰਜੀਤ ਕਰ ਦਿਓ।" ਗੁਰੂ ਜੀ ਇਹੋ ਜਿਹੀ ਖੇਡ ਕਦੇ ਕਰਦੇ ਨਹੀਂ ਸਨ, ਪਰ ਉਸ ਦਿਨ ਪਤਾ ਨਹੀਂ ਕੀ ਮਿਹਰ ਉਹਨਾਂ ਦੇ ਮਨ ਵਿਚ ਆਈ ਕਿ ਸਾਧੂ ਨੂੰ ਬੈਠ ਜਾਣ ਦਾ ਆਦੇਸ਼ ਦਿੱਤਾ। ਫਿਰ ਉਸ ਨੂੰ ਅੱਖਾਂ ਮੀਟਣ ਲਈ ਆਖਿਆ। ਉਸ ਨੇ ਅੱਖਾਂ ਮੀਟ ਲਈਆਂ। ਤਦ ਗੁਰੂ ਜੀ ਨੇ ਉਸ ਦੇ ਸਿਰ ਪੁਰ ਹੱਥ ਰੱਖਿਆ ਤੇ ਆਪਣੇ ਮੁੱਖੋਂ 'ਓਅੰਕਾਰ' ਆਖਿਆ। ਸਾਧੂ ਨੂੰ ਲੱਗਾ ਜਿਵੇਂ ਉਸ ਦਾ ਆਪਾ ਮਲੀਆਮੇਟ ਹੋ ਗਿਆ। ਫਿਰ ਗੁਰੂ ਜੀ ਨੇ ਦੂਜੀ ਵਾਰ ਓਅੰਕਾਰ ਆਖਿਆ ਤਾਂ ਉਸ ਨੂੰ ਪ੍ਰਤੀਤ ਹੋਇਆ ਕਿ ਉਹ ਸੁਆਹ ਵਿਚੋਂ ਮੁੜ ਜੀਵੰਤ ਹੋ ਗਿਆ ਹੈ। ਉਸ ਦਾ ਮਲੀਆਮੇਟ ਹੋਣਾ ਤੇ ਮੁੜ ਜੀਵੰਤ ਹੋ ਜਾਣਾ ਦੋਵੇਂ ਅਮਲ ਖਾਮੋਸ਼ੀ ਵਿਚ ਹੀ ਤਾਂ ਵਾਪਰੇ ਸਨ। ਜਦ ਉਹ ਸੱਚਮੁਚ ਖਾਮੋਸ਼ ਹੋ ਗਿਆ ਤਾਂ ਉਥੇ 'ਸੁੰਨ' ਤੋਂ ਸਿਵਾ ਕੁਝ ਵੀ ਨਹੀਂ ਸੀ ਰਹਿ ਗਿਆ। ਉਥੇ ਕੇਵਲ ਸੁੰਨ ਰੂਪ ਓਅੰਕਾਰ ਹੀ ਸੀ। ਜਦ

ਗੁਰੂ ਜੀ ਨੇ ਦੂਜੀ ਵਾਰ ਓਅੰਕਾਰ ਆਖਿਆ ਤਾਂ ਓਅੰਕਾਰ ਦੀ ਮਾਇਆ ਗਤੀਸ਼ੀਲ ਹੋ ਗਈ ਤੇ ਸਾਧੂ ਨੂੰ ਆਪਣਾ ਆਪਾ ਮੁੜ ਸੁਰਜੀਤ ਹੋ ਗਿਆ ਭਾਸਿਆ।

ਬੋਲਣਾ ਤਾਂ ਸਾਨੂੰ ਕੇਵਲ ਹੋਰਨਾ ਨਾਲ ਜੋੜਦਾ ਹੈ, ਇਹ ਤਾਂ ਖਾਮੋਸ਼ੀ ਹੈ, ਜੋ ਸਾਨੂੰ ਆਪਣੇ ਆਪ ਨਾਲ ਜੋੜਦੀ ਹੈ। ਅਸੀਂ ਖਾਮੋਸ਼ੀ ਵਿਚੋਂ ਹੀ ਜਨਮ ਲੈਂਦੇ ਹਾਂ ਤੇ ਅੰਤ ਖਾਮੋਸ਼ੀ ਵਿਚ ਹੀ ਸਮਾ ਜਾਂਦੇ ਹਾਂ। ਵਿਚਾਲੇ ਬੋਲਣਾ ਸਿੱਖਦੇ ਹਾਂ। ਫਿਰ ਲਗਾਤਾਰ ਲੁਤਰ-ਲੁਤਰ ਕਰਦੇ ਬੋਲੀ ਤੁਰੀ ਜਾਂਦੇ ਹਾਂ। ਕਦੇ ਤਾਂ ਆਪਣੇ ਆਪ ਨਾਲ ਵੀ ਬੋਲਣ ਲੱਗ ਪੈਂਦੇ ਹਾਂ। ਇਉਂ ਅਸੀਂ ਖਾਮੋਸ਼ੀ ਦੇ ਗੁਣਾਂ ਤੋਂ ਨਾ-ਵਾਕਿਫ਼ ਹੋ ਜਾਂਦੇ ਹਾਂ ਤੇ ਇਸ ਦੀ ਆਦਤ ਹੀ ਗੁਆ ਬੈਠਦੇ ਹਾਂ। ਇਸ ਦੀ ਆਦਤ ਗੁਆ ਕੇ ਕੋਈ ਵੀ ਸੁਣਨ ਦੇ ਸਮਰੱਥ ਨਹੀਂ ਹੋ ਸਕਦਾ।

ਸੋਚਿਆ ਜਾਵੇ ਤਾਂ ਬੋਲਾਂ ਦਾ ਆਧਾਰ ਵੀ ਖਾਮੋਸ਼ੀ ਹੈ। ਬੋਲਾਂ ਤੋਂ ਪਹਿਲਾਂ ਵੀ ਖਾਮੋਸ਼ੀ ਵਰਤਦੀ ਹੈ, ਬੋਲਾਂ ਦੇ ਮਗਰੋਂ ਵੀ, ਬੋਲਾਂ ਦੇ ਵਿਚਕਾਰ ਵੀ ਤੇ ਬੋਲਾਂ ਦੇ ਅੰਦਰ ਵੀ। ਖਾਮੋਸ਼ੀ ਤਾਂ ਇਕ ਅਥਾਹ ਸਮੁੰਦਰ ਹੈ, ਜਿਸ ਵਿਚ ਬੋਲਾਂ ਦੀਆਂ ਨਿੱਕੀਆਂ ਨਿੱਕੀਆਂ ਬੇੜੀਆਂ ਤਰਦੀਆਂ ਫਿਰਦੀਆਂ ਹਨ। ਇਹਨਾਂ ਬੇੜੀਆਂ ਵਿਚ ਅਸੀਂ ਮਾਲ ਤਾਂ ਢੋਅ ਸਕਦੇ ਹਾਂ, ਪਰ ਇਹੋ ਬੇੜੀਆਂ ਸਾਨੂੰ ਸਾਗਰ ਤੋਂ ਅਲੱਗ ਵੀ ਕਰੀ ਫਿਰਦੀਆਂ ਹਨ। ਜੇਕਰ ਸਾਨੂੰ ਸਾਗਰ ਦੀਆਂ ਲਹਿਰਾਂ ਦੀ ਬਾਤ ਸੁਣਨ ਦੀ ਲੋਚਾ ਹੈ ਤਾਂ ਸਾਨੂੰ ਸਮੁੰਦਰ ਵਿਚ ਉਤਰਨਾ ਪਵੇਗਾ। ਜੋ ਕੋਈ ਖਾਮੋਸ਼ੀ ਦੇ ਸਾਗਰ ਵਿਚ ਨਹੀਂ ਉਤਰਿਆ, ਉਹ ਨਿਪੁੰਨ ਸ੍ਰੋਤਾ ਕਿਵੇਂ ਹੋ ਸਕਦਾ ਹੈ? ਉਹ ਤਾਂ ਕੇਵਲ ਬੋਲਾਂ ਦੇ ਬਜ਼ਾਰ ਦੀ ਮਨਿਆਰ ਤੇ ਕਬਾੜ ਵੇਚਦਾ-ਵੱਟਦਾ ਫਿਰਦਾ ਹੈ। ਵਿਅਰਥ ਤੇ ਵਾਫ਼ਰ ਬੋਲਾਂ ਦੀ ਬੇੜੀ 'ਤੋਂ ਛਾਲ ਮਾਰ ਕੇ ਹੀ ਅਸੀਂ ਸਮੁੰਦਰ ਦੀਆਂ ਰੌਆਂ ਦਾ ਸੰਗੀਤ ਸੁਣ ਸਕਦੇ ਹਾਂ ਤੇ ਖਾਮੋਸ਼ੀ ਵਿਚੋਂ ਪਨਪਦੇ ਆਦਿਮ ਬੋਲ ਨਾਲ ਪਰਿਚਿਤ ਹੋ ਸਕਦੇ ਹਾਂ। ਜਪੁਜੀ ਵਿਚ ਸੁਣਿਐ ਦੀਆਂ ਚਾਰ ਪਉੜੀਆਂ ਵਿਚ ਗੁਰੂ ਸਾਹਿਬ ਨੇ ਇਸੇ ਸੁਣਨ ਦੀ ਬਾਤ ਪਾਈ ਹੈ।

ਜੋ ਜਗਿਆਸੂ ਆਪਣੀ ਸਹਿਜ ਖਾਮੋਸ਼ੀ ਨੂੰ ਗੁਆਚਣ ਨਹੀਂ ਦੇਂਦੇ ਜਾਂ ਅਭਿਆਸ ਰਾਹੀਂ ਉਸ ਨੂੰ ਦੁਬਾਰੇ ਪ੍ਰਾਪਤ ਕਰ ਲੈਂਦੇ ਹਨ, ਉਹੀ ਅਸਲ ਸ੍ਰੋਤੇ ਬਣ ਸਕਦੇ ਹਨ।

ਪ੍ਰਬੀਨ ਸ੍ਰਵਣ ਕਲਾ ਜਗਾਉਣ ਵਾਸਤੇ ਪਹਿਲਾਂ ਅੰਦਰ ਸਨਾਟਾ ਵਰਤਾਉਣਾ ਜਰੂਰੀ ਹੁੰਦਾ ਹੈ। ਇਹ ਸੰਨਾਟਾ ਫਿਰ ਸੁਣਨਹਾਰੇ ਦੀਆਂ ਨਿੱਜੀ ਸੀਮਾਵਾਂ ਉਲੰਘ ਕੇ ਸਮੁੱਚੇ ਅਸਤਿੱਤਵ ਦਾ ਘਰ ਬਣ ਜਾਂਦਾ ਹੈ। ਕੁਲ ਬ੍ਰਹਿਮੰਡ ਇਸ ਸੰਨਾਟੇ, ਇਸ ਸੁੰਨ ਅੰਦਰ ਪ੍ਰਵੇਸ਼ ਕਰਦਾ ਦਿੱਸਣ ਲਗਦਾ ਹੈ। ਕੀ ਧਰਤੀ,ਕੀ ਧਰਤੀ ਨੂੰ ਚੁੱਕਣ ਵਾਲਾ ਮਿਥਿਕ ਧਉਲ ਤੇ ਕੀ ਆਕਾਸ਼, ਸਭ ਇਸ ਦੇ ਆਂਗਨ ਵਿਚ ਖੇਡਦੇ ਜਾਪਦੇ ਹਨ:

*ਸੁਣੀਐ ਧਰਤਿ ਧਵਲ ਆਕਾਸ॥*

(ਜਪੁਜੀ, ਪੰਨਾ 2)

ਜਿਸ ਨੂੰ ਸੁਣਨ ਦੀ ਜਾਚ ਆ ਗਈ, ਉਹ 'ਸੁੰਨ' ਦਾ ਵਾਸੀ ਹੋ ਗਿਆ ਤੇ ਸੁੰਨ ਵਿਚ ਨਾ ਪਾਪ ਹੁੰਦਾ ਹੈ ਨਾ ਪੁੰਨ, ਨਾ ਦੁੱਖ ਤੇ ਨਾ ਸੁੱਖ:

*ਸੁਣਿਐ ਦੂਖ ਪਾਪ ਕਾ ਨਾਸੁ॥*

(ਜਪੁਜੀ, ਪੰਨਾ 2)

ਉਪਰੋਕਤ ਸਭ ਦੁਫੇੜਾਂ ਮਿਟ ਜਾਂਦੀਆਂ ਹਨ। ਤਦ ਉਹ ਇਕ ਅਵਿਰਲ ਸੰਤੋਖਵਾਨ ਸਾਂਤੀ ਦੇ ਆਨੰਦ ਵਿਚ ਵਿਚਰਦਾ ਹੈ। ਉਸ ਦਾ ਸਾਰਾ ਲੇਖ ਨਿਬੜ ਜਾਂਦਾ ਹੈ। ਤਦੇ ਉਸ ਨੂੰ ਨਾ ਕਿਸੇ ਪਸ਼ਤਾਚਾਪ ਦੀ, ਨਾ ਕਿਸੇ ਤਪੱਸਿਆ ਦੀ ਲੋੜ ਰਹਿੰਦੀ ਹੈ। ਨਾ ਕੋਈ ਚਿਲਾ ਕੱਟਣਾ ਹੀ ਆਵੱਸ਼ਕ ਲਗਦਾ ਹੈ। ਦੁੱਖ-ਸੁੱਖ ਤਾਂ ਕੀ, ਉਸ ਨੂੰ ਤਾਂ ਕਾਲ ਵੀ ਪੋਹ ਨਹੀਂ ਸਕਦਾ:

*ਸੁਣਿਐ ਪੋਹਿ ਨ ਸਕੈ ਕਾਲੁ॥*

(ਜਪੁਜੀ, ਪੰਨਾ 2)

*ਸੁਣਿਐ ਜੋਗ ਜੁਗਤਿ ਤਨਿ ਭੇਦ*

ਐਸੇ ਸ੍ਰੋਤੇ ਦੇ ਅੰਦਰ ਦੀ ਖਾਮੋਸ਼ੀ ਵਿਚ ਆਕਾਸ਼ ਗੂੰਜਣ ਲੱਗਦਾ ਹੈ। ਉਹ ਉਸੇ ਮੂਕ ਖਾਮੋਸ਼ੀ ਵਿਚ ਰਹਿਮਤ ਦੀ ਆਵਾਜ਼ ਸੁਣਦੇ ਹਨ-ਐਸੀ ਰਹਿਮਤ ਜਿਸ ਤੋਂ ਆਪਣੇ ਅਸਲ ਆਪੇ ਦਾ ਗੰਭੀਰ ਗਿਆਨ ਪ੍ਰਾਪਤ ਹੁੰਦਾ ਹੈ। ਇਕ ਯੂਨਾਨੀ ਮਹਾਂਪੁਰਖ ਦਾ ਕਥਨ ਹੈ:

ਮੇਰੇ ਅੰਦਰ ਦ੍ਰਿੜ ਖਾਮੋਸ਼ੀ ਬਣੀ ਹੋਈ ਸੀ,
ਤਦ ਮੈਂ ਉਥੇ ਇਕ ਰਹਿਮਤ ਵਰਤਦੀ ਸੁਣੀ
ਜਿਸ ਤੋਂ ਮੈਂ ਆਪਣੀ ਅਸਲੀਅਤ ਤੋਂ ਜਾਣੂ ਹੋ
ਗਿਆ। (ਐਲੋਜਿਨੀਜ਼, 60)

ਇਹੋ ਜਿਹੀ ਰਹਿਮਤ 'ਖਸਮ ਕੀ ਬਾਣੀ' ਵਾਂਗ ਵਾਪਰਦੀ ਹੈ। ਇਸ ਰਾਹੀਂ ਇਕ ਪਾਸੇ 'ਜੋਗ-ਜੁਗਤਿ' ਪ੍ਰਾਪਤ ਹੁੰਦੀ ਹੈ ਤੇ ਦੂਜੇ ਪਾਸੇ 'ਤਨਿ-ਭੇਦ' ਸਮਝ ਆਉਣ ਲੱਗਦਾ ਹੈ। 'ਜੋਗ-ਜੁਗਤਿ' ਤੋਂ ਭਾਵ ਹੈ ਬ੍ਰਹਮ ਨਾਲ ਜੁੜਨ ਦੀ ਜਾਚ। ਜਦੋਂ ਅੰਦਰ ਪੂਰਨ ਚੁੱਪ ਵਰਤਦੀ ਹੈ ਤਾਂ ਉਥੇ ਗਿਆਨ-ਉਦੈ ਵਾਪਰਦਾ ਹੈ ਤੇ ਬ੍ਰਹਮ ਨਾਲ ਮਿਲਾਪ ਹੁੰਦਾ ਹੈ। 'ਤਨਿ-ਭੇਦ' ਦਾ ਅਰਥ ਹੈ-ਸਰੀਰ ਦਾ ਅੰਤਰੀਵ ਗੁਹਜ, ਜੋ ਸਧਾਰਨ ਚੇਤਨਾ ਨੂੰ ਪ੍ਰਾਪਤ ਨਹੀਂ ਹੁੰਦਾ, ਪਰ ਉਸ ਅਭਿਆਸੀ ਚੇਤਨਾ ਨੂੰ ਪ੍ਰਾਪਤ ਹੋ ਜਾਂਦਾ ਹੈ, ਜੋ ਆਪਣੇ ਆਪ ਨੂੰ ਬਾਹਰ ਨਾਲੋਂ ਤੋੜ ਕੇ, ਅੰਦਰ ਦੀ ਚੁੱਪ ਵਿਚ ਵਿਗਸਣ ਦੇ ਯੋਗ ਕਰ ਲੈਂਦੀ ਹੈ। ਜਿਸ ਦੇ ਅੰਦਰ ਐਸੀ ਚੇਤਨਾ ਜਾਗ ਪੈਂਦੀ ਹੈ, ਉਹੀ ਸਰੀਰ ਦੇ ਅੰਦਰ ਦੇ ਭੇਦਾਂ ਤੋਂ ਜਾਣੂ ਹੋ ਸਕਦਾ ਹੈ। ਉਹੀ ਅਸਲ ਸ਼੍ਰਾਵਕ ਹੈ। ਉਸੇ ਨੂੰ ਆਪਣੇ ਅੰਦਰ ਆਦਿਮ 'ਪ੍ਰਣਵ' ਦੇ ਨਾਦ ਗੂੰਜਦੇ ਸੁਣਾਈ ਦਿੰਦੇ ਹਨ। ਇਹ ਉਹ ਨਾਦ ਹੈ ਜਿਸ ਦੇ 'ਕਵਾਉ' ਨਾਲ ਸਿਰਜਣਾ ਹੋਂਦ ਵਿਚ ਆਈ ਤੇ ਜਿਸ ਦੀ ਸੂਖਮ ਧੁਨੀ ਅਜੇ ਵੀ ਸਮਸਤ ਬ੍ਰਹਿਮੰਡ ਵਿਚ ਥਰਕ ਰਹੀ ਹੈ, ਕਿਉਂ ਕਿ ਸਿਰਜਣ-ਵਿਸਰਜਣ ਅਜੇ ਵੀ ਅਵਿਰਲ ਜਾਰੀ ਹੈ। ਇਹਨਾਂ ਥਰਕਣਾਂ ਨੂੰ ਵਿਹਾਜਣ ਲਈ ਮੁਕੰਮਲ ਖਾਮੋਸ਼ੀ ਦਰਕਾਰ ਹੁੰਦੀ ਹੈ, ਜੋ ਕੇਵਲ ਉਪਰੋਂ ਚੁੱਪ ਰਹਿਣ ਨਾਲ ਪ੍ਰਾਪਤ ਨਹੀਂ ਹੁੰਦੀ, ਫੋਕੀਆਂ ਸਮਾਧੀਆਂ ਨਾਲ ਵੀ ਨਹੀਂ:

*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥*

(ਜਪੁ ਜੀ, ਪੰਨਾ 1)

ਅਸਲ ਖਾਮੋਸ਼ੀ ਤਦੇ ਵਰਤਦੀ ਹੈ, ਜਦ ਅੰਦਰ ਦਾ ਹਰ ਵਾਰਤਾਲਾਪ ਤੇ ਹਰ ਦੋਚਿੱਤੀ ਸਮਾਪਤ ਹੋ ਜਾਂਦੀ ਹੈ ਤੇ ਕੂੜਾਵੇ ਆਪੇ ਦੀ ਸੋਝੀ ਅਸਤ ਹੋ ਕੇ ਵਾਹਿਗੁਰੂ ਦੇ ਅਰਪਨ ਹੋ ਜਾਂਦੀ ਹੈ। ਤਦ ਸੱਚ ਨਾਲ ਪਰਿਚੈ ਹੁੰਦਾ ਤੇ ਸੰਤੋਖ ਸਹਿਜੇ ਹੀ ਵਰਤਣ ਲੱਗਦਾ ਹੈ:

*ਸੁਣਿਐ ਸਤੁ ਸੰਤੋਖੁ ਗਿਆਨ॥*

(ਜਪੁ ਜੀ, ਪੰਨਾ 3)

ਤਦੇ ਤਾਂ ਗੁਰੂ ਜੀ ਜਗਿਆਸੂ ਆਤਮਾ ਨੂੰ, ਜਿਸ ਨੂੰ ਉਹ 'ਸੁਹਣੀਆਂ ਅੱਖਾਂ ਵਾਲੀ ਲਾੜੀ' ਕਹਿੰਦੇ ਹਨ, ਜਾਗਣ ਵੱਲ ਨਿਮੰਤ੍ਰਿਤ ਕਰਦੇ ਹਨ ਤਾਂ ਜੋ ਉਹ ਪਤੀ ਦੇ ਬੋਲ ਸੁਣ ਸਕੇ:

*ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥*
*ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ॥*

(ਬਿਲਾਵਲੁ ਮ: 1,ਪੰਨਾ 844)

ਸੁਣਨਾ, ਆਤਮ-ਗਿਆਨ ਦੀ ਪ੍ਰਾਪਤੀ ਲਈ ਆਪਣੇ ਏਰੀਅਲ ਉਚੇ ਕਰਨਾ ਹੈ। ਸੁਣਨ ਦਾ ਪ੍ਰਤਿਰੂਪ ਕੋਈ 'ਬੋਲ' ਹੈ-ਕੋਈ 'ਕਵਾਉ' ਹੈ। 'ਕਵਾਉ' ਇਕ ਤਰੰਗ ਹੈ, ਇਕ ਥਰਕਣ ਹੈ, ਜੀਵੰਤ ਸਿਰਜਨਾ ਦੀ ਉਤੇਜਨਾ ਹੈ, ਜੋ ਕਰਤੇ ਦੇ ਅੰਦਰੋਂ ਜਾਗੀ। ਇਹ ਇਕ ਧੁਨੀਆਤਮਕ ਲਹਿਰ ਹੈ, ਸਿਰਜਨਾ ਦਾ ਅਮਲ ਜਗਾਉਣ ਦੀ। ਇਸੇ ਦੇ ਸਭ ਤੱਤ-ਆਕਾਸ਼, ਪਉਣ, ਪਾਣੀ, ਅਗਨੀ, ਧਰਤੀ-ਹੋਂਦ ਵਿਚ ਆਏ। ਇਹਨਾਂ ਤੱਤਾਂ ਅੰਦਰ ਉਸ ਕਵਾਉ ਦੀਆਂ ਥਰਕਣਾਂ ਹੁਣ ਤੱਕ ਜੀਵੰਤ ਹਨ। ਇਸੇ ਸ਼ਬਦ ਨੂੰ ਸੁਣਿਆਂ ਸ਼ਬਦ ਦੇ ਨਾਦੀ ਊਰਜਾ-ਭੰਡਾਰ ਨਾਲ ਇਕਸੁਰ ਹੋਣਾ ਸੰਭਵ ਹੋ ਜਾਂਦਾ ਹੈ।

ਰਹੱਸ ਦੇ ਅਭਿਆਸੀ ਜਾਣਦੇ ਹਨ ਕਿ ਸਿਰਜਨਾ ਦੀਆਂ ਸਮਸਤ ਭਿੰਨਤਾਵਾਂ ਤੇ ਗਤੀਆਂ ਉਹਲੇ ਇਕ ਆਦਿ-ਊਰਜਾ ਵਰਤ ਰਹੀ ਹੈ। ਇਹੋ 'ਸਤਿਨਾਮੁ' ਹੈ, ਜੋ ਨਾ ਕੇਵਲ ਹਰ ਵਸਤ ਅੰਦਰ ਹੀ ਮੌਜੂਦ ਹੈ, ਹਰ ਆਤਮਾ ਅੰਦਰ ਵੀ ਵਿਦਮਾਨ ਹੈ। ਇਸ ਨੂੰ ਸੁਣਨ ਲਈ ਇਕ ਪਾਸੇ ਵਿਸ਼ੇਸ਼ ਚਮਤਕਾਰੀ ਸ੍ਰਵਣ-ਕਲਾ ਦਰਕਾਰ ਹੁੰਦੀ ਹੈ ਤੇ ਦੂਜੇ ਪਾਸੇ ਗੰਭੀਰ ਖਾਮੋਸ਼ੀ।

ਗੁਰੂ ਨਾਨਕ ਸਾਹਿਬ ਨੇ ਐਸੀ ਖਾਮੋਸ਼ੀ ਤੋਂ ਉਤਪੰਨ ਹੋਏ ਚਮਤਕਾਰੀ ਦੈਵੀ ਸੰਗੀਤ ਨੂੰ ਹਰ ਵਸਤ, ਹਰ ਦੇਸ਼, ਹਰ ਦਿਸ਼ਾ ਵਿਚੋਂ ਸ੍ਰਵਣ ਕੀਤਾ ਤੇ ਮਸਤੀ ਵਿਚ ਇਉਂ ਗਾ ਉਠੇ:

*ਸੋ ਦਰੁ ਕੇਹਾ ਸੋ ਘਰੁ ਕੇਹਾ*
*ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਨਾਦ ਅਨੇਕ ਅਸੰਖਾ*

*ਕੇਤੇ ਵਾਵਣਹਾਰੇ॥*
*ਕੇਤੇ ਰਾਗ ਪਰੀ ਸਿਉ ਕਹੀਅਨਿ*
*ਕੇਤੇ ਗਾਵਣਹਾਰੇ॥*
*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ*
*ਗਾਵੈ ਰਾਜਾ ਧਰਮੁ ਦੁਆਰੇ॥*
*ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ*
*ਲਿਖਿ ਲਿਖਿ ਧਰਮੁ ਵੀਚਾਰੇ॥*
*ਗਾਵਹਿ ਈਸਰੁ ਬਰਮਾ ਦੇਵੀ*
*ਸੋਹਨਿ ਸਦਾ ਸਵਾਰੇ॥*
*ਗਾਵਹਿ ਇੰਦ ਇਦਾਸਣਿ ਬੈਠੇ*
*ਦੇਵਤਿਆ ਦਰਿ ਨਾਲੇ॥*
*ਗਾਵਹਿ ਸਿਧ ਸਮਾਧੀ ਅੰਦਰਿ*
*ਗਾਵਨਿ ਸਾਧ ਵਿਚਾਰੇ।*
*ਗਾਵਨਿ ਜਤੀ ਸਤੀ ਸੰਤੋਖੀ*
*ਗਾਵਹਿ ਵੀਰ ਕਰਾਰੇ॥*
*ਗਾਵਨਿ ਪੰਡਿਤ ਪੜਨਿ ਰਖੀਸਰ*
*ਜੁਗੁ ਜੁਗੁ ਵੇਦਾਂ ਨਾਲੇ॥*
*ਗਾਵਹਿ ਮੋਹਣੀਆ ਮਨੁ ਮੋਹਨਿ*
*ਸੁਰਗਾ ਮਛ ਪਇਆਲੇ॥*
*ਗਾਵਨਿ ਰਤਨ ਉਪਾਏ ਤੇਰੇ*
*ਅਠਸਠਿ ਤੀਰਥ ਨਾਲੇ॥*
*ਗਾਵਹਿ ਜੋਧ ਮਹਾਂਬਲ ਸੂਰਾ*
*ਗਾਵਹਿ ਖਾਣੀ ਚਾਰੇ॥*
*ਗਾਵਹਿ ਖੰਡ ਮੰਡਲ ਵਰਭੰਡਾ*
*ਕਰਿ ਕਰਿ ਰਖੇ ਧਾਰੇ॥*
*ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ*
*ਰਤੇ ਤੇਰੇ ਭਗਤ ਰਸਾਲੇ॥*
*ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ*
*ਨਾਨਕੁ ਕਿਆ ਵੀਚਾਰੇ॥*
*ਸੋਈ ਸੋਈ ਸਦਾ ਸਚੁ*
*ਸਾਹਿਬੁ ਸਾਚਾ ਸਾਚੀ ਨਾਈ॥*
*ਰੰਗੀ ਰੰਗੀ ਭਾਤੀ ਕਰਿ ਕਰਿ*
*ਜਿਨਸੀ ਮਾਇਆ ਜਿਨਿ ਉਪਾਈ॥*
*ਕਰਿ ਕਰਿ ਵੇਖੈ ਕੀਤਾ ਆਪਣਾ*
*ਜਿਵ ਤਿਸ ਦੀ ਵਡਿਆਈ॥*
*ਜੋ ਤਿਸੁ ਭਾਵੈ ਸੋਈ ਕਰਸੀ*
*ਹੁਕਮੁ ਨ ਕਰਣਾ ਜਾਈ॥*
*ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ*
*ਨਾਨਕ ਰਹਣੁ ਰਜਾਈ॥ 27 ॥*

(ਜਪੁ ਜੀ, ਪੰਨਾ 6)

ਇਹ ਦੈਵੀ ਸੰਗੀਤ ਅਨੇਕਾਂ ਸੰਪ੍ਰਦਾਵਾਂ ਦੇ ਭਗਤਾਂ, ਸੰਤਾਂ, ਮਹਾਤਮਾਵਾਂ ਨੇ ਸੁਣਿਆ। ਈਸਾਈ ਮਹਾਤਮਾ ਸੇਂਟ ਜਾਹਨ ਆਫ਼ ਦੀ ਕ੍ਰਾਸ ਬਿਆਨ ਕਰਦਾ ਹੈ:

*ਗੂੰਜਦੇ ਅਨੁਨਾਦੀ ਦਰਿਆ,*
*ਇਸ਼ਕ ਨਾਲ ਭਰੀਆਂ ਹਵਾਵਾਂ ਦੀਆਂ ਕਨਸੋਆਂ,*
*ਪਹੁ ਫੁਟਾਲੇ ਨੂੰ ਛੂੰਹਦੀ ਸ਼ਾਂਤ ਖਾਮੋਸ਼ ਰਾਤ,*
*ਮੌਨ ਸੰਗੀਤ ਪ੍ਰਸਾਰਦੀ ਏਕਾਂਤ,*
*ਇਕ ਦੈਵੀ ਪ੍ਰਸਾਦ ਹੈ*
*ਜੋ ਪਿਆਰ ਨੂੰ ਮੁੜ ਸੁਰਜੀਤ ਤੇ ਉਦਾਤ ਕਰਦਾ ਹੈ।*

(ਇੰਜੀਲ, 14-15)

ਇਸ ਤਰ੍ਹਾਂ ਸੂਫ਼ੀ ਦਰਵੇਸ਼ ਮੌਲਾਨਾ ਰੂਮੀ ਕਹਿੰਦੇ ਹਨ:

*ਰੱਬ ਦੀ ਗੁਫ਼ਤਾਰ ਨੂੰ ਮਾਮੂਲੀ ਨਾ ਸਮਝੋ,*
*ਉਸ ਦਾ ਸੁਖਨ ਅਕਸੀਰ ਆਬੇ-ਹਯਾਤ ਹੈ।*

(ਮਸਨਵੀ, 2005)

ਇਕ ਮੈਨੀਸ਼ੀਅਨ ਭਜਨਕਾਰ ਰੱਬ ਨੂੰ ਇਉਂ ਸੰਬੋਧਨ ਕਰਦਾ ਹੈ:

*ਤੂੰ ਖਾਮੋਸ਼ ਵੀ ਹੈਂ, ਬਚਨ ਵੀ ਕਰਦਾ ਹੈਂ।*

(ਮੈਨੀਸ਼ੀਅਨ ਭਜਨਾਵਲੀ, ਪੰਨਾ 155)

ਐਸਾ ਬਚਨ, ਐਸਾ ਕਵਾਉ ਹੀ ਸੁਣਨ ਦੀ ਅਸਲ ਵਸਤ ਹੈ। ਬਾਕੀ ਦੇ ਬੋਲ ਤਾਂ ਸਮਾਜਿਕ ਲੋੜਾਂ ਦੇ ਬੋਲ ਹਨ-ਹੋਰਨਾਂ ਨਾਲ ਸੰਪਰਕ ਜੋੜਨ ਦੇ ਤੇ ਉਹਨਾਂ ਪਾਸੋਂ ਲੋੜਾਂ ਪੂਰੀਆਂ ਕਰਾਉਣ ਦੇ। ਫਿਰ ਉਹਨਾਂ ਵਿਚੋਂ ਕਿਹੜਾ ਲੋੜਾਂ ਪੂਰੀਆਂ ਕਰਨ ਜੋਗਾ ਹੁੰਦਾ ਹੈ:

*ਜਿਸੁ ਮਾਨੁਖ ਪਹਿ ਕਰਉ ਬੇਨਤੀ*
*ਸੋ ਅਪਨੈ ਦੁਖਿ ਭਰਿਆ॥*

(ਗੂਜਰੀ ਮ: 5, ਪੰਨਾ 497)

**ਗੁਰ-ਸ਼ਬਦ ਦੀ ਸ੍ਰੋਤ**

ਦੈਵੀ ਸ਼ਬਦ ਦਾ ਮਾਧਿਅਮ ਸਤਿਗੁਰੂ ਹੈ। ਸਤਿਗੁਰੂ ਕਉਣ ਹੈ ਤੇ ਉਸ ਦਾ ਕਰਤੱਵ ਕੀ ਹੈ? ਗੁਰੂ ਨਾਨਕ

ਦੇਵ ਜੀ ਦਾ ਇਸ ਬਾਰੇ ਇਹ ਫ਼ੁਰਮਾਨ ਹੈ:

*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥*

(ਵਾਰ ਆਸਾ ਮ: 1, ਪੰਨਾ 466)

ਸਤਿਗੁਰੂ ਉਹ ਹੈ, ਜਿਸ ਵਿਚ ਵਾਹਿਗੁਰੂ ਨੇ ਆਪਣਾ ਨਾਮ-ਨਿਰੰਜਨ-ਰੂਪ ਆਪਾ ਟਿਕਾਅ ਦਿੱਤਾ ਹੈ ਤੇ ਉਹ ਕਰਦਾ ਇਹ ਹੈ ਕਿ ਅੱਗੋਂ (ਉਸ ਗੁਪਤ ਵਾਹਿਗੁਰੂ ਨੂੰ) ਪ੍ਰਗਟ ਕਰਕੇ ਸੰਸਾਰ ਨੂੰ ਸੁਣਾ ਦੇਂਦਾ ਹੈ। ਇਸ ਨਾਤੇ ਗੁਰੂ ਦਾ ਸ਼ਬਦ ਵਾਹਿਗੁਰੂ ਦੀ ਹੋਂਦ ਦਾ ਸੰਗੀਤਕ ਪ੍ਰਗਟਾਵਾ ਹੈ। ਇਸੇ ਨੂੰ 'ਗੁਰਬਾਣੀ' ਵੀ ਕਿਹਾ ਗਿਆ ਹੈ, ਗੁਰ-ਸ਼ਬਦ ਵੀ।

*ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ॥*

(ਵਡਹੰਸੁ ਮ: 4, ਪੰਨਾ 575)

*ਸੁਣਿ ਮਨ ਮੇਰੇ ਸਬਦੁ ਵੀਚਾਰਿ॥*
*ਰਾਮ ਜਪਹੁ ਭਜਵਲੁ ਉਤਰਹੁ ਪਾਰਿ॥*

(ਗਉੜੀ ਮ: 3, ਪੰਨਾ 161)

ਇਸ ਨੂੰ ਅਸੀਂ ਆਪਣੇ ਸਰੀਰਕ, ਪੰਜ-ਭੂਤਕ ਕੰਨਾਂ ਨਾਲ ਸੁਣ ਵੀ ਸਕਦੇ ਹਾਂ। ਇਸ ਨੂੰ ਸੁਣਨਾ ਹੀ ਸਾਨੂੰ ਬਣ ਆਉਂਦਾ ਹੈ। ਇਸੇ ਫ਼ਰਜ਼ ਦੀ ਯਾਦ-ਦਿਹਾਨੀ ਸਾਨੂੰ ਗੁਰੂ ਅਮਰਦਾਸ ਜੀ ਇਉਂ ਕਰਾਉਂਦੇ ਹਨ:

*ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥*
*ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ*
*ਸੁਣਹੁ ਸਤਿ ਬਾਣੀ॥*
*ਜਿਤੁ ਸੁਣੀ ਮਨੁ ਤਨੁ ਹਰਿਆ ਹੋਆ*
*ਰਸਨਾ ਰਸਿ ਸਮਾਣੀ॥*
*ਸਚੁ ਅਲਖ ਵਿਡਾਣੀ ਤਾ ਕੀ ਗਤਿ*
*ਕਹੀ ਨ ਜਾਏ॥*
*ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ*
*ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ॥*

(ਰਾਮਕਲੀ ਮ: 3 ਆਨੰਦੁ, ਪੰਨਾ 922)

ਗੁਰੂ ਅਰਜਨ ਦੇਵ ਜੀ ਅਨੁਸਾਰ ਉਹੀ ਕੰਨ ਸਫਲ ਹਨ, ਜੋ ਸੱਚੇ ਮਾਲਕ ਦਾ ਨਾਮ ਸੁਣਦੇ ਹਨ:

*ਨਾਨਕ ਸੁਣੀਅਰ ਤੇ ਪਰਵਾਣੁ*
*ਜੋ ਸੁਣੇਦੇ ਸਚੁ ਧਣੀ॥*

(ਵਡਹੰਸ ਮ: 5, ਪੰਨਾ 577)

ਸੁਣਿਆ ਹੋਇਆ ਹੋਰ ਸਭ ਕੁਝ ਹਵਾ ਦੇ ਬੁੱਲ੍ਹੇ ਵਾਂਗ ਉਡੰਤ ਤੇ ਨਿਰਾਰਥ ਹੋ ਜਾਂਦਾ ਹੈ:

*ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ॥*
*ਨਾਨਕ ਸੁਣੀਅਰ ਤੇ ਪਰਵਾਣੁ*
*ਜੋ ਸੁਣੇਦੇ ਸਚੁ ਧਣੀ॥*

(ਵਡਹੰਸ ਮ: 5, ਪੰਨਾ 577)

ਜਿਸ ਪ੍ਰਵਾਣ ਸੁਣਨ ਦਾ ਜ਼ਿਕਰ ਗੁਰੂ ਮਹਾਰਾਜ ਏਥੇ ਕਰਦੇ ਹਨ, ਉਹ ਕੀ ਹੈ? ਸਭ ਤੋਂ ਪਹਿਲਾਂ ਤਾਂ ਉਹ 'ਨਾਮ ਨਿਰੰਜਨ ਨਿਰਮਲਾ' ਹੈ। ਨਾਮ ਤੋਂ ਉਤਰ ਕੇ ਹਰਿ-ਗੁਣ ਹੈ ਤੇ ਫੇਰ ਗੁਰ-ਉਪਦੇਸ਼, ਗੁਰ-ਸਾਖੀ, ਗੁਰ-ਬਚਨ ਅਥਵਾ ਗੁਰੂ ਕੀ ਕੀਰਤੀ (ਕੀਰਤਨ) ਕੀਰਤਨ ਨੂੰ ਸਤਿਗੁਰਾਂ 'ਭਗਤਿ ਸਰੋਤਿ' ਵੀ ਆਖਿਆ ਹੈ:

*ਬੇਦੁ ਪੁਕਾਰੈ ਭਗਤਿ ਸਰੋਤਿ॥*
*ਸੁਣਿ ਸੁਣਿ ਮਾਨੈ ਵੇਖੈ ਜੋਤਿ॥*

(ਬਿਲਾਵਲੁ ਮ: 1, ਪੰਨਾ 831)

ਐਸੇ ਸੁਣਨ ਦਾ ਹੀ ਗੁਰਮਤਿ ਵਿਚ ਵਿਧਾਨ ਹੈ। ਅਜਿਹੇ ਸੁਣਨੇ ਨੂੰ ਹੀ ਮਨ ਵਿਚ ਵਸਾ ਕੇ ਉਸ ਨਾਮ ਦੇ ਨਾਮੀ ਲਈ ਅੰਦਰ ਪਿਆਰ ਜਗਾਉਣ ਨੂੰ ਗੁਰੂ ਜੀ ਆਤਮਿਕ ਤੀਰਥ ਵਿਚ ਇਸ਼ਨਾਨ ਕਰਨ ਦੀ ਉਪਮਾ ਦੇਂਦੇ ਹਨ:

*ਸੁਣਿਆ ਮੰਨਿਆ ਮਨਿ ਕੀਤਾ ਭਾਉ॥*
*ਅੰਤਰਗਤਿ ਤੀਰਥਿ ਮਲਿ ਨਾਉ॥*

(ਜਪੁ ਜੀ, ਪੰਨਾ 4)

---

*ਪੁਸਤਕ "ਸਦਾ ਵਿਗਾਸ" ਧੰਨਵਾਦ ਸਹਿਤ*

# ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ

ਡਾਕਟਰ ਜਾਗੀਰ ਸਿੰਘ

ਸੰਗੀਤ ਨੂੰ ਵਿਵਹਾਰਕ ਰੂਪ ਵਿੱਚ ਪ੍ਰਚਲੱਤ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਾਥੀ ਭਾਈ ਮਰਦਾਨਾ ਜੀ ਨੂੰ ਚੁਣਿਆ। ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਸਾਥੀ ਸੀ, ਉਹ ਅਨਿਨ ਸੇਵਕ ਹੋਣ ਦੇ ਨਾਲ ਨਾਲ ਇਕ ਰਬਾਬੀ ਵੀ ਸੀ। ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਜਿਤਨਾ ਸਮਾਂ ਭਾਈ ਮਰਦਾਨਾ ਨੇ ਗੁਰੂ ਨਾਨਕ ਦੇਵ ਜੀ ਦੇ ਨੇੜੇ ਰਹਿ ਕੇ ਗੁਜ਼ਾਰਿਆ ਉਤਨਾ ਸਮਾਂ ਗੁਰੂ ਸਾਹਿਬ ਦੇ ਨਿਕਟ ਰਹਿਣ ਦਾ ਹੋਰ ਕਿਸੇ ਵਿਅਕਤੀ ਨੂੰ ਪ੍ਰਾਪਤ ਨਹੀਂ ਹੋਇਆ। ਮਰਦਾਨੇ ਦੇ ਸੰਗ ਸਾਥ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ:

***ਇਕ ਬਾਬਾ ਅਕਾਲ ਰੂਪ***
***ਦੂਜਾ ਰਬਾਬੀ ਮਰਦਾਨਾ***

ਭਾਈ ਮਰਦਾਨਾ ਰਬਾਬ ਵਜਾਉਣ ਵਿਚ ਪ੍ਰਬੀਣ ਸੀ। ਇਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ :

***ਭਲਾ ਰਬਾਬ ਵਜਾਇਦਾ***
***ਮਜਲਸ ਮਰਦਾਨਾ ਮੀਰਾਸੀ।।1*** 3।।11।।

ਜਦੋਂ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਜੀ ਦੀ ਰਬਾਬ ਸੁਣੀ ਤਾਂ ਉਹ ਬਹੁਤ ਪ੍ਰਸੰਨ ਹੋਏ। ਉਹਨਾਂ ਕਿਹਾ ਕਿ ਜੇ ਉਹ ਸ਼ਬਦ ਨਾਲ ਰਬਾਬ ਵਜਾਵੇ ਤਾਂ ਬੜਾ ਆਨੰਦ ਆਵੇਗਾ। ਇੰਜ ਭਾਈ ਮਰਦਾਨਾ ਜੀ ਗੁਰੂ ਜੀ ਦੇ ਸਾਥੀ ਬਣ ਗਏ।

ਜਦੋਂ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆ ਗਏ ਤਾਂ ਮਰਦਾਨਾ ਜੀ ਵੀ ਨਾਲ ਹੀ ਆ ਗਏ। ਇਥੇ ਉਹ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਸਮੇਂ ਰਬਾਬ ਵਜਾਉਂਦੇ। ਮਰਦਾਨਾ ਜੀ ਨੂੰ ਆਪਣੇ ਨਾਲ ਰੱਖਣ ਸੰਬੰਧੀ ਘਟਨਾ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਇੰਜ ਲਿਖੀ ਹੈ-

**--ਅਰ ਇਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਣ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂ ਚਲੇਂ ਅਸੀਂ ਵੀ ਜਾਤ੍ਰਾ ਵਾਲਿਆਂ ਨਾਲ ਜਾਰਤ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇਂ ਤਾਂ ਅਸੀਂ ਜਾਈਏ, ਤਾਂ ਉਸ ਆਖਿਆ ਕਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਬੇ ਕਹਿਆ ਰਾਗ ਤੂੰ ਜਿਹੜਾ ਜਾਣਦਾ ਹੈਂ ਸੋ ਇਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪਰਲੋਕ ਸਿੱਧ ਹੋਵੇਗਾ ਤੇ ਜੇ ਇਹੋ ਸਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਵਹਾਰ ਸਿੱਧ ਹੋਵੇਗਾ।**

(ਜਨਮ ਸਾਖੀ ਪਰੰਪਰਾ ਪੰਨਾ 332-333)

ਜਿਹੜਾ ਰਬਾਬ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਨਾਲ ਵਜਾਇਆ ਉਹ ਦੀ ਪ੍ਰਾਪਤੀ ਦੀ ਸਾਖੀ ਬੜੀ ਭਾਵਪੂਰਤ ਹੈ ਇਹ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਲਿਖੀ ਹੈ। ਇਸ ਦੇ ਕੁਝ ਅੰਸ਼ ਦੇਣੇ ਉਚਿਤ ਹੋਣਗੇ-

**--ਨਾਨਕ ਆਖਿਆ ਮਰਦਾਨਿਆ ਤਾਰ ਵਜਾਉ। ਮਰਦਾਨੇ ਆਖਿਆ ਜੀ ਮੈ ਤਾਰਿ ਕਦੀ ਨਾਹੀ ਵਜਾਈ। ਨਾਨਕ ਆਖਿਆ, ਸੁਣਿ ਮਰਦਾਨਾ ਅਸਾਂ ਤੈਨੂੰ ਤਾਰ ਦਾ ਗੁਣ ਦਿਤਾ ਸੀ। ਸੋ ਕਿਥੇ ਘਤਿਓ? ਮਰਦਾਨੇ ਕਹਿਆ, ਜੀ ਮੈ ਤਾ ਵੇਚਿ ਨਾਹੀ ਖਾਧਾ। ਜਿਥੈ ਰਖਿਆ ਹੈ ਤਿਥਉ ਪਇਆ ਹੋਗਾ। ਨਾਨਕ ਕਹਿਆ ਵਜਾਇ ਮਰਦਾਨਾ। ਮਰਦਾਨੇ ਪਾਸਿ ਰਬਾਬ ਨਾਹਾ। ਮਰਦਾਨੇ ਹੁਕਮੁ ਮੰਨਿਆ, ਮਰਦਾਨਾ ਸਹਰ ਵਿਚਿ ਆਇਆ। ਆਇ ਕਰਿ ਲਗਾ ਕੋਈ ਢਾਢੀ ਟੋਲਣ। ਦੇਖੇ ਤਾਂ ਹਿਕੁ ਡੂਮਿ ਹਿਕਸੁ ਪਠਾਣ ਅਗੇ ਬੈਠਾ ਗਾਵਦਾ ਹੈ ਅਤੇ ਮੰਝੋਲਾ ਰਬਾਬ ਹਥਿ ਵਜਾਂਵਦਾ ਹੈ। ਮਰਦਾਨੇ**

ਉਸ ਨੂੰ ਦੁਆਇ ਸਲਾਮ ਦਿਤੋ ਸੁ। ਤਿਚਰਾਂ ਪਠਾਣ ਉਠਿ ਖੜਾ ਹੋਇਆ, ਤਾਂ ਮਰਦਾਨੇ ਉਸ ਨੋ ਆਖਿਆ ਚਲ ਭਾਈ ਮਿਰਾਸੀ। ਹਿਕ ਬੰਦਾ ਖੁਦਾਇ ਦਾ ਤੈਨੂੰ ਸਦਦਾ ਹੈ। ਓਹੁ ਮਿਰਾਸੀ ਉਠਿ ਖੜਾ ਹੋਇਆ। —— ਮਰਦਾਨਾ ਲੈ ਕਰਿ ਉਸ ਨੂੰ ਨਾਨਕ ਪਾਸ ਆਇ ਬੈਠਾ। ਉਸ ਨੂੰ ਆਖਿਓ ਸੁ ਭਾਈ ਵਜਾਉ। ਗੁਰੂ ਨਾਨਕ ਦੀ ਸਮਾਧ ਲਗੀ ਹੋਈ ਆਹੀ। ਜਾਂ ਉਸ ਡੁਮੇਟੇ ਤਾਰ ਵਜਾਈ ਤਾਂ ਨਾਨਕ ਅਖੀਆਂ ਖੋਲੀਆਂ ਆਖਿਓਸੁ, ਵੋ ਮਰਦਾਨਾ ਤੂੰ ਵਜਾਇ। ਮਰਦਾਨੇ ਹੁਕਮੁ ਮੰਨਿਆ। ਮਰਦਾਨਾ ਤਾਰ ਵਜਾਇ ਨਾ ਸਾ ਜਾਣਦਾ ਮਰਦਾਨਾ ਲਗਾ ਵਜਾਵਣ। ਮਰਦਾਨੇ ਇਜੇਹੀ ਤਾਰਿ ਵਜਾਈ ਜੋ ਜੰਗਲ ਦੇ ਮਿਰਗਿ ਬਿਸੁਧੁ ਹੋਇ ਕੇ ਢਹਿ ਪਏ। ਗੁਰੂ ਨਾਨਕ ਬਹੁਤ ਰੀਝਾਇਆ ਅਤੇ ਮਰਦਾਨਾ ਆਪਣੇ ਜੀ ਵਿਚਿ ਬਹੁਤ ਰਾਜੀ ਹੋਆ, ਜਾਣੇ ਜੋ ਮੈਂ ਤਾਂ ਵਜਾਇ ਨਾਹਾ ਜਾਣਦਾ ਅਤੇ ਉਹੁ ਢਾਢੀ ਹੈਰਾਨੁ ਹੋਇ ਗਇਆ ਮੈਂ ਵਡੇ ਵਡੇ ਡਿਠੇ ਆਹਾ ਪਰ ਇਹ ਗੁਣ ਕਿਸੇ ਵਿਚ ਨਹੀਂ ਡਿਠਾ।——ਫਿਰ ਗੁਰੂ ਨਾਨਕ ਆਖਿਆ ਮਰਦਾਨਾ ਕੋਈ ਰਬਾਬ ਲੈ। ਤਾਂ ਮਰਦਾਨੇ ਆਖਿਆ, ਜੀ ਤੰਬੂਰਾ ਲਈਏ ਤਾਂ ਗੁਰੂ ਨਾਨਕ ਆਖਿਆ, ਮਰਦਾਨਾ ਰਬਾਬ ਗੁਰਮੁਖੀ ਢਢਿ ਅਤੈ ਹੋਰੁ ਜੁ ਵਾਜਾ ਹੈ ਸੋ ਸਭੋ ਵਿਕਾਰ ਹੈ। ਸੋ ਮਰਦਾਨੇ ਫਿਰਿ ਆਖਿਆ ਜੀ ਰਬਾਬ ਮਿਲੈ। ਤਾਂ ਫਿਰਿ ਗੁਰੂ ਨਾਨਕ ਆਖਿਆ ਮਰਦਾਨਾ ਸੁਆਲ ਕਰਨਾ ਭਲਾ ਨਾਹੀ। ਪਰ ਜਰੂਰਤ ਕਰਾਂਵਦੀ ਹੈ। ਜਾਇ ਕਰਿ ਬੇ ਬੇ ਜੀ ਪਾਸਿ ਆਖੁ ਜੋ ਬੇਬੇ ਜੀ ਨਾਨਕ ਕਹਿਆ ਤਉ ਉਤੇ ਸੁਆਲ ਕੀਤਾ ਹੈ ਜੇ ਮੰਨੇ ਤਾਂ ਆਖਾ ਅਤੇ ਨਾ ਮੰਨੇ ਤਾਂ ਨਾਹੀ ਆਖਿਦਾ। ਜੇ ਮੰਨਿਓ ਸੁ ਤਾ ਆਖੇ ਜੋ ਹਿਕੁ ਅਸਾਨੂ ਰਬਾਬ ਲੈ ਦੇ। —ਤਾਂ ਢਾਢੀ ਕਹਿਆ ਜੀ ਏਹੁ ਰਬਾਬ ਹਾਜਰ ਹੈ। ਫਿਰਿ ਗੁਰੂ ਨਾਨਕ ਕਹਿਆ ਭਾਈ ਢਾਢੀ ਅਸਾਨੂ ਪਹੁਚਿਆ ਤੇ ਦਿਤਾ। ਪਰੁ ਏਹੁ ਅਸਾਡੇ ਕੰਮ ਦਾ ਨਾਹੀ। ਮਰਦਾਨਾ ਜਾਇ ਨਾਨਕੀ ਪਾਸ ਖੜਾ ਹੋਇਆ।—— ਮਰਦਾਨੇ ਆਖਿਆ ਜੀ ਹਿਕ ਰਬਾਬ ਜਿਤਨੇ ਤੋ ਮਿਲੇ ਤਿਤਨੇ ਤੋ ਲੈ ਦੇਉ। ਨਾਨਕੀ ਆਖਿਆ ਹਿਕੁ ਕਿਆ ਸਉ।——ਨਾਨਕੀ ਆਖਿਆ, ਭਾਈ ਮਰਦਾਨਾ, ਜੇਹਾ ਤੇਰੀ ਖੁਸੀ ਆਵੈ ਤੇਹੋ ਲੈਆ। ਮੁਲ ਦਾ ਸਰਫਾ ਨ ਕਰ।

ਕਈ ਦਿਨ ਮਰਦਾਨਾ ਰਬਾਬ ਲਭਦਾ ਰਿਹਾ ਪਰ ਕਿਤੋਂ ਉਸ ਨੂੰ ਰਬਾਬ ਨਹੀਂ ਮਿਲੀ। ਫਿਰ ਗੁਰੂ ਨਾਨਕ ਦੇਵ ਜੀ ਦੇ ਕਹਿਣ ਤੇ ਉਹ ਫਿਰੰਦੇ ਰਬਾਬੀ ਦੇ ਪਿੰਡ ਪੁੱਜਦਾ ਹੈ। ਫਿਰੰਦੇ ਨਾਲ ਮੇਲ ਵਾਲੀ ਘਟਨਾ ਵੀ ਅਲੌਕਿਕ ਹੈ।

——ਤਾਂ ਤੀਜੇ ਦਿਨ ਫਿਰੰਦਾ ਰਬਾਬੀ ਮਰਦਾਨੇ ਨੂੰ ਆਇ ਮਿਲਿਆ। ਆ ਕਰਿ ਲਗਾ ਪੁਛਣ ਕਉਣ ਭਾਈ ਤੂੰ ਕਿਸਨੋ ਟੋਲਦਾ ਹੈ। ਮਰਦਾਨੇ ਆਖਿਆ ਜੀ ਇਥੇ ਹਿਕੁ ਰਬਾਬੀ ਹੈ ਅਤੇ ਨਾਲੇ ਫੇਰੂ ਆਖਦੇ ਹੈਨਿ ਫਿਰੰਦੇ ਆਖਿਆ ਤੇਰਾ ਨਾਉ ਕਿਆ ਹੈ ਤੂੰ ਹੁੰਦਾ ਕਉਣ ਹੈ ਤੂ ਭੇਜਿਆ ਕਿਸੁ ਹੈਂ। ਅਤੇ ਤੇਰਾ ਵਤਨ ਕਉਣ ਹੈ। ਤਾਂ ਮਰਦਾਨੇ ਕਹਿਆ ਮੇਰਾ ਵਤਨ ਰਾਇ ਭੋਈ ਦੀ ਤਲਵੰਡੀ ਹੈ ਨਾਉ ਮਰਦਾਨਾ ਹੈ। ਭੇਜਿਆ ਨਾਨਕ ਵੇਦੀ ਫਕੀਰ ਹੁਕਮੁ ਰਬਾਬੁ ਲੈਣ ਵਾਸਤੇ। ਫਿਰੰਦੇ ਆਖਿਆ ਫਿਰੰਦਾ ਫੇਰੂ ਹੋਵੇਗਾ। ਅਤੇ ਤੁਹਾਨੂੰ ਨਾਨਕ ਵੇਦੀ ਮਹੀ ਥੇ ਘਲਿਆ ਹੈ। ਅਤੇ ਰਬਾਬੁ ਭੀ ਮੈਥੇ ਹੈ। ਅਤੇ ਨਾਨਕ ਵੇਦੀ ਮੇਰਾ ਚਿਰੋਕਣਾ ਅਸਨਾਉ ਹੈ। ਮਰਦਾਨੇ ਆਖਿਆ ਜੀ ਰਬਾਬੁ ਮੈਨੂੰ ਦੇਵੋ। ਫਿਰੰਦੇ ਆਖਿਆ ਸੁਣਿ ਮਰਦਾਨਾ ਲੇ ਰਬਾਬੁ। ਫਿਰੰਦਾ ਨ ਜਾਣੀਏ ਰਬਾਬੁ ਕਿਥੋਂ ਲੈ ਆਇਆ। ਜਾ ਮਰਦਾਨੇ ਦੇਖੇ ਤਾਂ ਕਿਆ ਦੇਖੇ ਰਬਾਬੁ ਕੁਦਰਤੀ ਹੈ ਮਰਦਾਨੇ ਆਖਿਆ ਜੀ ਮੁਲ ਕਹੁ। ਫਿਰੰਦੇ ਆਖਿਆ ਮਰਦਾਨੇ ਤੇਰੇ ਪਾਸਿ ਇਸ ਰਬਾਬ ਦਾ ਮੁਲ ਨਾਹੀ, ਇਸ ਦਾ ਮੁਲ ਅਸਾ ਲੈਣਾ ਭੀ ਨਾਹੀ। ਮਰਦਾਨੇ ਨੂੰ ਹੈਰਾਨਗੀ ਲਗੀ ਭਾਈ ਏਹੁ ਕਉਣੁ। ਮਰਦਾਨਾ ਰਹਿ ਨ ਸਕਿਆ, ਆਖਿਓਸੁ ਜੀ ਏਸ ਦਾ ਮੁਲ ਤੁਸਾਂ ਕਿਉ ਨਾਹੀ ਲੈਣਾ। ਫਿਰੰਦੇ ਆਖਿਆ ਏਹੁ ਰਬਾਬੁ ਅਸਾਨੂ ਕੁਦਰਤਿ ਨਾਲ ਹਥਿ ਆਇਆ ਹੈ। ਅਵਾਜ ਏਸ ਦੀ ਏਹੀ ਨਿਕਲੀ ਜੋ ਫਿਰੰਦਾ ਏਹੁ ਰਬਾਬੁ ਹੋਰਸੁ ਅਗੇ ਵਜਾਵਣਾ ਨਾਹੀ। ਹਿਕੁ ਨਾਨਕ ਵੇਦੀ ਖਤਰੀ ਹੋਸੀ ਏਹ ਰਬਾਬੁ ਉਸ ਦੇ ਅਗੇ ਵਜਾਵਣੀ

ਤੂ ਉਸ ਅਗੇ ਵਜਾਵੇ। ਮਰਦਾਨੇ ਏਸ ਦਾ ਮੁਲ ਅਸਲ ਅਸਾਂ ਲੈਣਾ ਨਾਹੀ। ਪਰੁ ਭਾਈ ਚਲੁ ਦੇਖ ਉਹੁ ਨਾਨਕ ਹੈ ਕੇ ਕੋਈ ਹੋਰ ਹੈ। ਤਾਂ ਮਰਦਾਨੇ ਕਹਿਆ ਜੀ ਚਲੋ। ਪਰ ਜੇ ਹੁਕਮ ਹੋਵੇ ਤਾਂ ਮੈਂ ਹਿਕ ਵਾਰੀ ਵਜਾਇ ਦੇਖਾ। ਤਾਂ ਫਿਰੰਦੇ ਕਹਿਆ ਭਾਈ ਹੋਰਥੁ ਅਗੈ ਹੁਕਮੁ ਨਾਹੀ। ਮਰਦਾਨੇ ਕਹਿਆ ਜੀ ਮੈਨੂੰ ਉਸੇ ਨਾਨਕ ਭੇਜਿਆ ਹੈ ਤਾਂ ਫਿਰੰਦੇ ਕਹਿਆ ਭਾਈ ਤੂੰ ਜਾਣੁ। ਨਾਨਕ ਉਸੇ ਭੇਜਿਆ ਹੈ ਵਜਾਇ। ਮਰਦਾਨੇ ਰਬਾਬੁ ਹਥਿ ਲੈ ਕਰਿ ਥਾਟ ਬਣਾਇ ਕੇ ਜਾਂ ਤਾਰ ਵਜਾਈ ਤਾਂ ਅਵਾਜ ਵਿਚੋਂ ਨਿਰੰਕਾਰ ਨਿਰੰਕਾਰ ਹੀ ਆਵੇ। ਅਤੇ ਪਿਛੋਂ ਦੀ ਨਾਨਕ ਦੀ ਅਧੀਨਗੀ ਨਿਕਲੇ ਅਤੇ ਹੋਰ ਕਾਈ ਅਵਾਜ ਨਾ ਨਿਕਲੇ ਤਾਂ ਮਰਦਾਨੇ ਹੈਰਾਨ ਹੋਇ ਕਰਿ ਆਖਿਓਸੁ ਫਿਰੰਦਾ ਭਾਈ ਝਬਿ ਚਲੁ। ਫਿਰੰਦਾ ਤੇ ਮਰਦਾਨਾ ਦੋਵੇਂ ਨਾਵੈ ਦਿਨ ਆਇ ਗੁਰੂ ਨਾਨਕ ਪਾਸਿ ਖੜੇ ਹੋਏ, ਰਬਾਬੁ ਆਗੈ ਰਖਿਆ ਅਤੇ ਦੁਹਾਂ ਮੱਥਾ ਟੇਕਿਆ।

(ਜਨਮ ਸਾਖੀ ਪਰੰਪਰਾ 247)

——ਗੁਰੂ ਨਾਨਕ ਏਹੁ ਹੁਕਮ ਕੀਤਾ ਮਰਦਾਨੇ ਲੈ ਰਬਾਬੁ ਹਥਿ। ਮਰਦਾਨੇ ਰਬਾਬ ਹਥਿ ਲੀਤਾ, ਲਗਾ ਥਾਟ ਬਜਾਵਣ ਤਾ ਗੁਰੂ ਨਾਨਕ ਹੁਕਮੁ ਕੀਤਾ ਮਰਦਾਨਾ ਝਬ ਹੋਹੁ। ਮਰਦਾਨੇ ਕਹਿਆ ਜੀ ਥਾਟ ਬਣਾਇ ਦੇਵਾਂ ਨਾ। ਤਾਂ ਫਿਰ ਗੁਰੂ ਨਾਨਕ ਹੁਕਮ ਕੀਤਾ ਮਰਦਾਨਾ ਆਪੇ ਹੀ ਬਣ ਜਾਇਗਾ ਝਬੁ ਹੋਹੁ। ਮਰਦਾਨੇ ਹੁਕਮੁ ਮੰਨਿਆ ਆਪੇ ਹੀ ਥਾਟ ਬਨਿ ਗਇਆ। ਲਗਾ ਮਰਦਾਨਾ ਤਾਰ ਵਜਾਵਣ। ਤਾਰ ਵਿਚੋਂ ਏਹ ਅਵਾਜ ਨਿਕਲੇ ਤੂੰ ਹੀ ਨਿਰੰਕਾਰ ਤੂੰ ਹੀ ਨਿਰੰਕਾਰ ਨਾਨਕ ਬੰਦਾ ਤੇਰਾ। ਗੁਰੂ ਨਾਨਕ ਦੀ ਸਮਾਧ ਲਗ ਗਈ। — ਦੁਇ ਰਾਤੀ ਤੇ ਦੁਇ ਦਿਨ ਸਮਾਧਿ ਲਗੀ ਰਹੀ। ਮਰਦਾਨੇ ਰਬਾਬ ਵਜਾਇਥੇ ਛਡਿ ਦਿਤਾ। ਤੀਸਰਾ ਦਿਨ ਹੂਆ ਤਾਂ ਨਾਨਕ ਗੁਰੂ ਪਲਕਾ ਲਾਹੀਆਂ। (ਜਨਮ ਸਾਖੀ ਪਰੰਪਰਾ, ਪੰਨਾ 248)

ਰਬਾਬ ਸਫਰ ਕਰਨ ਵਾਲੇ ਸੈਲਾਨੀਆਂ ਲਈ ਹਰਮਨ ਪਿਆਰਾ ਸਾਜ਼ ਹੈ ਜੋ ਧੁਨ ਦੇ ਨਾਲ ਨਾਲ ਲੈਅ ਦੇਣ ਵਿੱਚ ਵੀ ਸਹਾਇਕ ਹੁੰਦਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਨੂੰ ਬਾਣੀ ਉਚਾਰਨ ਦੀ ਪ੍ਰੇਰਨਾ ਹੁੰਦੀ ਤਾਂ ਉਹ ਕਹਿੰਦੇ :

*ਮਰਦਾਨਿਆ ਰਬਾਬ ਵਜਾਇ॥*

*ਕਾਈ ਸਿਫਤ ਖੁਦਾਇ ਦੇ ਦੀਦਾਰ ਦੀ ਕਰੀਏ॥*

ਭਾਈ ਮਰਦਾਨਾ ਰਬਾਬ ਦੀਆਂ ਸੁਰਾਂ ਛੇੜ ਕੇ ਵਿਸਮਾਦੀ ਮਾਹੌਲ ਪੈਦਾ ਕਰ ਦਿੰਦਾ । ਗੁਰ ਨਾਨਕ ਦੇਵ ਜੀ ਬਾਣੀ ਉਚਾਰਦੇ। ਰਬਾਬ ਨਾਲ ਉਚਾਰੀ ਇਸ ਬਾਣੀ ਦਾ ਸਰੋਤਿਆਂ ਉਤੇ ਵੀ ਅਲੌਕਿਕ ਪ੍ਰਭਾਵ ਪੈਂਦਾ ਸੀ। ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਥਮ ਸਰੋਤਾ ਤੇ ਪ੍ਰਥਮ ਰਬਾਬ ਵਾਦਕ ਹੈ ਉਸ ਨੇ ਸਧਾਰਣ ਮਨੁੱਖ ਤੇ ਜਿਗਿਆਸੂ ਵਜੋਂ ਸਿੱਖ ਧਰਮ ਦੀ ਸਥਾਪਨਾ ਅਤੇ ਪ੍ਰਸਾਰ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਮਰਦਾਨਾ ਗੁਰੂ ਸਾਹਿਬ ਦੇ ਨਿਕਟ ਬੈਠ ਕੇ ਕੀਰਤਨ ਕਰਦਾ ਸੀ। ਜਨਮ ਸਾਖੀ ਵਿੱਚ ਜ਼ਿਕਰ ਆਉਂਦਾ ਹੈ ਕਿ ਕੀਰਤਨ ਕਰਨ ਸਮੇਂ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਗੋਡੇ ਨਾਲ ਗੋਡਾ ਜੋੜ ਕੇ ਬੈਠਦਾ ਸੀ।

ਜਾ ਗੁਰੂ ਬਾਬਾ ਸਹਜ ਦੈ ਘਰਿ ਕੀਰਤਨ ਕਰਦਾ ਤਾਂ ਮਰਦਾਨਾ ਖਰਾ ਨਜੀਕਿ ਬਾਬੇ ਨਾਲਿ ਗੋਡਿਅਹੁ ਗੋਠਾ ਕਰਿ ਬੈਠਦਾ।

(ਮਿਹਰਬਾਨ ਵਾਲੀ ਜਨਮ ਸਾਖੀ ਪੰਨਾ 112)

ਜਨਮ ਸਾਖੀ ਅਨੁਸਾਰ ਉਹ ਰਬਾਬ ਉੱਤੇ ਪਹਿਲਾਂ ਰਾਗ ਦੀ ਅਲਾਪ ਚਾਰੀ ਮਾਹੌਲ ਤਿਆਰ ਕਰਦਾ ਸੀ ਫਿਰ ਗੁਰੂ ਸਾਹਿਬ ਬਾਣੀ ਉਚਾਰਦੇ ਸਨ।

ਇੱਕ ਸਾਖੀ ਵਿੱਚ ਲਿਖਿਆ ਹੈ:

ਤਬ ਮਰਦਾਨੇ ਰਬਾਬੁ ਸਾਜਿ ਕਰਿ ਕਰਿ, ਆਸਾ ਰਾਗ ਕੀ ਅਲਾਪ ਚਾਰੀ ਲੇ ਉਠਿਆ ਤਬ ਗੁਰੂ ਬਾਬਾ ਨਾਨਕੁ ਜੀ ਸਬਦੁ ਬਾਣੀ ਲੇ ਉਠਿਆ ਜਿ:-

*ਆਪੁ ਵਿਚਾਰੈ ਸੁ ਪਰਖੇ ਹੀਰਾ॥*

(ਮਿਹਰਬਾਨ ਵਾਲ ਜਨਮ ਸਾਖੀ ਜਿਲਦ ਦੂਜੀ 213)

ਮਰਦਾਨੇ ਦੇ ਗਾਇਨ ਤੋਂ ਗੁਰੂ ਨਾਨਕ ਕਿਵੇਂ ਖੁਸ਼ ਹੁੰਦੇ ਇਸ ਦਾ ਪਤਾ ਹੋਰ ਸਾਖੀਆਂ ਦੇ ਨਾਲ ਨਾਲ ਮਿਹਰਬਾਨ ਵਾਲੀ ਜਨਮ ਸਾਖੀ ਤੋਂ ਵੀ ਲਗਦਾ ਹੈ-

--ਤਬ ਐਸੀ ਆਗਿਆ ਸ੍ਰੀ ਪਾਰਬ੍ਰਹਮ ਕੀ ਭਈ ਜਿ ਏਕ ਦਿਨਿ ਗੁਰੂ ਬਾਬੇ ਨਾਨਕ ਮਰਦਾਨੇ ਰਬਾਬੀ ਕਉ ਕਹਿਆ ਜਿ,

ਮਰਦਾਨਿਆ, ਰਬਾਬ ਲੈ, ਤੋਂ ਅਜੁ ਕਿਤੇ ਇਕੰਤਿ ਜਾਇ ਕੈ ਗੁਜਰਾਨ ਕਰ ਆਈਐ ਇਥੈ ਲੋਕ ਘਿਰ ਘਿਰ ਦੇ ਆਇ ਝਬਦੇ ਹੈਨਿ, ਸ਼ਬਦ ਨਾਲਿ ਪਰਚਣ ਦੇਂਦੇ ਨਾਹੀ। ਅਖੈ ਜੀ ਭਲਾ। ਤਬ ਗੁਰੂ ਬਾਬਾ ਨਾਨਕੁ ਜੀ ਮਰਦਾਨੇ ਨੋ ਸਾਥਿ ਲੈ ਕੈ ਬਾਹਿਰ ਆਇਆ। ਤਬ ਕੋਹ ਇਕ ਦੀ ਵਿਥ਼ਿ ਗਿਰਾਵਹੁ ਪਾਇ ਕੈ, ਇਕਤੁ ਕਿਨਾਰੇ ਦਰੀਆਵ ਤੇ ਨੇੜੇ ਭਲੀ ਠਉੜ ਦੇਖਿ ਕੈ, ਰੁਖ ਭੀ ਥੇ ਤਹਾ, ਗੁਰੂ ਬਾਬਾ ਜੀ ਬੈਠਿ ਗੈਆ। ਅਰੁ ਮਰਦਾਨੇ ਨੋ ਆਗਿਆ ਹੋਈ, ਜੁ ਰਬਾਬੁ ਸਾਜਿ ਕਰਿ ਅਤੇ ਉਚੇ ਸੁਰਿ ਹੋਇ ਕੈ ਸਬਦੁ ਉਚਾਰੁ ਕਰਿ। ਤਬ ਮਰਦਾਨੇ ਰਬਾਬੁ ਸਾਜਿ ਕੀਤਾ ਰਾਗ ਅਲਾਪਿਆ। ਸਿਰੀ ਰਾਗੁ ਮਰਦਾਨਾ ਲਗਾ ਗਾਵਣੇ। ਸੁ ਮਰਦਾਨੇ ਉਪਰਿ ਗੁਰੂ ਬਾਬੇ ਦੀ ਖੁਸੀ ਸੀ। ਜਾਂ ਮਰਦਾਨਾ ਗਾਵਦਾ, ਤਾਂ ਰੰਗੁ ਸਹਜੇ ਹੀ ਪਾਉਂਦਾ। ਤਬ ਬਾਬਾ ਬਹੁਤੁ ਰੰਗ ਦੇ ਘਰਿ ਹੋਆ। ਤਬ ਲੋਕ ਉਥੈ ਭੀ ਆਇ ਜੁੜਿ ਗਏ। ਤਬ ਜਦਿ ਮਰਦਾਨੇ ਬਹੁਤੁ ਸਬਦੁ ਗਾਵੈਂ, ਪਹਰੁ ਇਕੁ ਗੁਜਰਿਆ, ਤਬ ਸਬਦੁ ਕਾ ਭੋਗੁ ਪੈਆ। ਤਬ ਗੁਰੂ ਬਾਬਾ ਦੇਖੈ ਤਾਂ ਲੋਕ ਜੁੜੇ ਬੈਠੇ ਹੈਨਿ। 14

ਮਰਦਾਨੇ ਨਾਲ ਵਾਰਤਾਲਾਪ ਕਰਨ ਦੀ ਜੁਗਤ ਰਾਹੀਂ ਗੁਰੂ ਨਾਨਕ ਦੇਵ ਜੀ ਜਿਥੇ ਗੁਰਮਤ ਦੀ ਸੋਝੀ ਦਿੰਦੇ ਹਨ ਉੱਥੇ ਗੁਰਮਤਿ ਸੰਗੀਤ ਦੇ ਰਹੱਸਾਂ ਨੂੰ ਵੀ ਪ੍ਰਗਟ ਕਰਦੇ ਹਨ। ਡਾ. ਬਲਬੀਰ ਸਿੰਘ ਮਰਦਾਨਾ ਜੀ ਦੀ ਸਿਫਤ ਕਰਦਿਆਂ ਦਸਦੇ ਹਨ ਕਿ ਮਰਦਾਨਾ ਸੰਕੇਤ ਹੈ ਉਸ ਹੁਨਰ ਦਾ ਜਿਸ ਨੇ ਕਲਯੁਗ ਉੱਤੇ ਫਤਹਿ ਪਾਉਣੀ ਹੈ। ਉਹ ਪਹਿਲਾ ਆਦਮੀ ਸੀ ਜਿਸ ਦਾ ਮਨ ਗੁਰੂ ਨੇ ਸਵਰ ਬ੍ਰਹਮ ਨਾਲ ਵਿਭੂਸ਼ਤ ਕਰ ਦਿੱਤਾ ਸੀ। ਮਰਦਾਨਾ ਸੇਵਕ ਸੀ, ਸਿੱਖ ਸੀ ਚੇਲਾ ਸੀ, ਰਾਗੀ ਸੀ, ਰਬਾਬੀ ਸੀ ਪਰ ਜੋ ਕੁਝ ਵੀ ਸੀ ਉਹ ਇਸ ਗੱਲ ਦਾ ਮਾਣ ਜ਼ਰੂਰ ਕਰਦਾ ਸੀ ਕਿ ਉਹ ਗੁਰੂ ਦਾ ਦੋਸਤ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਭਾਈ ਮਰਦਾਨੇ ਦੀ ਰਬਾਬ ਨਾਲ ਇਸ ਦੇ ਗਾਇਨ ਕਰਨ ਦੀ ਪ੍ਰਕਿਰਿਆ ਹੀ ਗੁਰਮਤਿ ਸੰਗੀਤ ਦਾ ਆਧਾਰ ਬਣੀ।

---

*422, ਸੈਕਟਰ 15 ਏ, ਚੰਡੀਗੜ੍ਹ*

# The Flow Of Music

Mihaly Csikszentmihaliyi

In every known culture, the ordering of sound in ways that please the ear has been used extensively to improve the quality of life. One of the most ancient and perhaps the most popular functions of music is to focus the listeners' attention on patterns appropriate to a desired mood. So there is music for dancing, for weddings, for funerals, for religious and for patriotic occasions; music that facilitates romance, and music that helps soldiers march in orderly ranks.

When bad times befell the pygmies of the Ituri forest in Central Africa, they assumed that their misfortune was due to the fact that the benevolent forest, which usually provided for all their needs, had accidentally fallen asleep. At that point the leaders of the tribe would dig up the sacred horns buried underground, and blow on them for days and nights on end, in an attempt to wake up the forest, thus restoring the good times.

The way music is used in the Ituri forest is paradigmatic of its function everywhere. The horns may not have awakened the trees, but their familiar sound must have reassured the pygmies that help was on the way, and so they were able to confront the future with confidence. Most of the music that pours out of Walkmans and stereos nowadays answers a similar need. Teenagers, who swing from one threat of their fragile evolving personhood to another in quick succession throughout the day, especially depend on, the soothing patterns of sound to restore order in their consciousness. But so do many adults. One policeman told us: "If after a day of making arrests and worrying about getting shot I could not turn on the radio in the car on my way home, I would probably go out of my mind."

Music, which is organized auditory information, helps organize the mind that attends to it, and therefore reduces psychic entropy, or the disorder experience when random information interferes with goals. Listening to music wards off boredom and anxiety, and when seriously attended to, it can induce flow experiences.

Some people argue that technological advances have greatly improved the quality of life by making music so easily available. Transistor radios, laser disks, tape decks blare the latest music twenty-four hours a day in crystal-clear recordings. This continuous access to good music is supposed to make our lives much richer. But this kind of argument suffers from the usual confusion between behavior and experience. Listening to recorded music for days on end may or may not be more enjoyable than hearing, an hour-long live concert that one

had been looking forward to for weeks. It is not the *hearing* that improves life, it is the *listening*. We hear Muzak but we rarely listen to it, and few could have ever been in flow as a result of it.

As with anything else, to enjoy music one must pay attention to it. To the extent that recording technology makes music too accessible, and therefore taken for granted, it can reduce our ability to derive enjoyment from it. Before the advent of sound recording, a live musical performance retained some of the awe that music engendered when it was still entirely immersed in religious rituals. Even a village dance band, let alone a symphonic orchestra, was a visible reminder of the mysterious skill involved in producing harmonious sounds. One approached the event with heightened expectations, with the awareness that one had to pay close attention because the performance was unique and not to be repeated again.

The audiences at today's live performances, such as rock concerts, continue to partake in some degree in these ritual elements; there are few other occasions at which large numbers of people witness the same event together, think and feel the same things, and process the same information. Such joint participation produces in an audience the condition Emile Durkheim called "collective effervescence," or the sense that one belongs to a group with a concrete, real existence. This feeling, Durkheim believed, was at the roots of religious experience. The very conditions of live performance help focus attention on the music, and therefore make it more likely that flow will result at a concert than when one is listening to reproduced sound.

But to argue that live music is innately more enjoyable than recorded music would be just as invalid as arguing the opposite. Any sound can be a source of enjoyment if attended to properly. In fact, as the Yaqui sorcerer taught the anthropologist Carlos Castaneda, even the intervals of silence between sounds, if listened to closely, can be exhilarating.

Many people have impressive record libraries, full of the most exquisite music ever produced, yet they fail to enjoy it. They listen a few times to their recording equipment, marveling at the clarity of the sound it produces, and then forget to listen again until it is time to purchase a more advanced system. Those who make the most of the potential for enjoyment inherent in music, on the other hand, have strategies for turning the experience into flow. They begin by setting aside specific hours for listening. When the time comes, they deepen concentration by dousing the lights, by sitting in a favorite chair, or by following some other ritual that will focus attention. They plan carefully the selection to be played, and formulate specific goals for the session to come.

Listening to music usually starts as a *sensory* experience. At this stage, one responds to the qualities of sound that induce the pleasant physical reactions that

are genetically wired into our nervous system. We respond to certain chords that seem to have universal appeal, or to the plaintive cry of the flute, the rousing call of the trumpets. We are particularly sensitive to the rhythm of the drums or the bass, the beat on which rock music rests, and which some contend is supposed to remind the listener of the mother's throbbing heart first heard in the womb.

The next level of challenge music presents is the analogic mode of listening. In this stage, one develops the skill to evoke feelings and images based on the patterns of sound. The mournful saxophone passage recalls the sense of awe one has when watching storm clouds build up over the prairie; the Tchaikovsky piece makes one visualize a sleigh driving through a snowbound forest, with its bells tinkling. Popular songs of course exploit the analogic mode to its fullest by cuing in the listener with lyrics that spell out what mood or what story the music is supposed to represent.

The most complex stage of music listening is the *analytic* one. In this mode attention shifts to the structural elements of music, instead of the sensory or narrative ones. Listening skills at this level involve the ability to recognize the order underlying the work, and the means by which the harmony was achieved. They include the ability to evaluate critically the performance and the acoustics; to compare the piece with earlier and later pieces of the same composer; or with the work of other composers writing at the same time; and to compare the orchestra, conductor, or band with their own earlier and later performances, or with the interpretations of others. Analytic listeners often compare various versions of the same blues song, or sit down to listen with an agenda that might typically be: "Let's see how Von Karajan's 1975 recording of the second movement of the Seventh Symphony differs from his 1963 recording," or "I wonder if the brass section of the Chicago Symphony is really better than the Berlin brasses?" Having set such goals, a listener becomes an active "experience .that provides constant feedback (e.g., "von Karajan has slowed down," "the Berlin brasses are sharper but less mellow"). As one develops analytic listening skills, the opportunities to enjoy music increase geometrically.

So far we have considered only how flow arises from listening, but even greater rewards are open to those who learn to make music. The civilizing power of Apollo depended on his ability to play the lyre, Pan drove his audiences to frenzy with his pipes, and Orpheus with his music was able to restrain even death. These legends point to the connection between the ability to create harmony in sound and the more general and abstract harmony that underlies the kind of social order we call a civilization. Mindful of that connection, Plato believed that children should be taught music before anything else; in learning to pay attention to graceful rhythms and harmonies their whole consciousness would become ordered.

Our culture seems to have been placing a decreasing emphasis on exposing young children to musical skills. Whenever cuts are to be made in a school's budget, courses in music (as well as art and physical education) are the first to be eliminated. It is discouraging how these three basic skills, so important for improving the quality of life, are generally considered to be superfluous in the current educational climate. Deprived of serious exposure to music, children grow into teenagers who make up for their early deprivation by investing inordinate amounts of psychic energy into their own music. They form rock groups, buy tapes and records, and generally become captives of a subculture that does not offer many opportunities for making consciousness more complex.

Even when children are taught music, the usual problem often arises: too much emphasis is placed on how they perform, and too little on what they experience. Parents who push their children to excel at the violin are generally not interested in whether the children are actually enjoying the playing; they want the child to perform well enough to attract attention, to win prizes, and to end up on the stage of Carnegie Hall. By doing so, they succeed in perverting music into the opposite of what it was designed to be: they turn it into a source of psychic disorder. Parental expectations for musical behavior often create great stress, and sometimes a complete breakdown.

Lorin Hollander, who was a child prodigy at the piano and whose perfectionist father played first violin in Toscanini's orchestra, tells how he used to get lost in ecstasy when playing the piano alone, but how he used to quake in sheer terror when his demanding adult mentors were present. When he was a teenager the fingers of his hands froze during a concert recital, and he could not open his clawed hands for many years thereafter. Some subconscious mechanism below the threshold of his awareness had decided to spare him the constant pain of parental criticism. Now Hollander, recovered from the psychologically induced paralysis, spends much of his time helping other gifted young instrumentalists to enjoy music the way it is meant to be enjoyed.

Although playing an instrument is best learned when young, it is really never too late to start. Some music teachers specialize in adult and older students, and many a successful businessman decides to learn the piano after age fifty. Singing in a choir and playing in an amateur string ensemble are two of the most exhilarating ways to experience the blending of one's skills with those of others. Personal computers now come with sophisticated software that makes composition easy, and allows one to listen immediately to the orchestration. Learning to produce harmonious sounds is not only enjoyable, but like the mastery of any complex skill, it also helps strengthen the self.

*Courtesy "Flow The Psychology of Optimal Experience"*

# ATTITIDE OF GRATITUDE

Sumeet Kaur

Our Sri Guru Granth Sahib is indeed a unique scripture, whose 1430 pages are full of magic formulae by our Gurus as to how to live successfully. But unfortunately, we read all other self-help books, latest fictions, nonfictions, but fail to read our Sri Guru Granth Sahib carefully and understanding it.

If we just develop the habit of understanding one *Shabad* a day, it would make a tremendous difference in our lives.

The *Shabads* have indeed pierced my heart and brought a tremendous change in my life and I really wish others would also benefit by this, so I would like to share this with all.

Today I would like to talk about Bhai Gurdasji's *Var 18th* and *Pouri 21*. Though the writings of Bhai Gurdasji are not in Sri Guru Granth Sahib but these are just like the help book of Sri Guru Granth Sahib. These were given the title of *"Gurbani Di Kunji"* by Guru Arjan Dev ji.

*ਕਾਰਣੁ ਕਰਤਾ ਜੋ ਕਰੈ*
*ਸਿਰਿ ਧਰਿ ਮਨਿ ਕਰੈ ਸੁਕਰਾਣਾ ॥*
*ਰਾਜੀ ਹੋਇ ਰਜਾਇ ਵਿਚ*
*ਦੁਨਿਆ ਅੰਦਰਿ ਜਿਉ ਮਿਹਮਾਣਾ*
*ਗੁਰਮੁਖਿ ਹਉਮੈ ਪਰਹਰੈ*
*ਮਨ ਭਾਵੈ ਖਸਮੈ ਦਾ ਭਾਣਾ ॥*
*ਪੈਰੀ ਪੈ ਪਾਖਾਕ ਹੋਇ*
*ਦਰਗਹ ਪਾਵੈ ਮਾਣੁ ਨਿਮਾਣਾ ॥*
*ਵਰਤਮਾਨ ਵਿਚਿ ਵਰਤਦਾ*
*ਹੋਵਣਹਾਰ ਸੋਈ ਪਰਵਾਣਾ ॥*
*ਵਿਸਮਾਦੀ ਵਿਸਮਾਦ ਵਿਚਿ*
*ਕੁਦਰਤੀ ਕਾਦਰ ਨੋ ਕੁਰਬਾਣਾ ॥*
*ਲੇਪ ਅਲੇਪ ਸਦਾ ਨਿਰਬਾਣਾ ॥ 21 ॥*

The gist of the *Pouri* is in the last line, which means "ALWAYS ONE WITH HIM"

Now how can we do this?

Whatever is happening with us has to be accepted happily and that means walking in His will or *razaa*. Hence bow your heads and be grateful for each and everything happening and also for each and everything we have. But most of us are unhappy because we are always questioning His will. "Why did this happen?" "How did this happen?" We are always blaming God in all day to day things, so indirectly we are invalidating His will. People who have a positive mind will always accept everything but those with negative minds will always be full of questions.

Positive thinking means *chardikala*. Easy way to be in *chardikala* is, dont use your brains, just thank him for whatever happens and dont question. Its sad that we are not thankful for all the little things we have and we cry for things we dont have. Our near and dear ones do so much for us but do we ever thank them. The way we deel with people, our behaviour with all around is

always so negative that because of this we create move distances instead of love and affection. So from today, lets promise to be thankful, grateful for all little things happening at home, at work also.

Then Bhai Sahib says *Gurumukh haumai parhare*, that is the Gurmukh gives up his ego and does not want any justifications His mind is auto matically tuned to Gods will. I like what ever you do my Lord and so if you walk in his will, your ego automatically goes away, your never resest, you never confront.

"*Pairi Pai paquak hoi....*" means listen to his words, understand his will and see the pisitiveness in every action. There is a reason behind some things happening. Good! it happened. Thank you God. This has taught me so much in life. So have this attitude.

"*Vartaman vich vartada....*" Here Bhai Sahib says live in the present. We will get result of our actions here itself. So shed your ego and do good actions right from now, dont wait for the future, good things, dont wait for old age and then old age has its own limitations. Also remember just as when we go to some one's house for dinner, we dont bring back their cutlery home because its beautiful and because we are guests, we know that we are not suppossed to do this, in the some way, we are also guests here in the world and we have to live like guests, very very unattached to things and people.

"*Vismadi Vismad Vich, Kudrat Kadar No Kurbana*" means I understand your system of things in the universe and I dont complain. I am always happy in all seasons, whether hot, cold, humid, and I dont complain because I understand the rules of nature. Though most people cant bear the heat fail to live without air-conditins, happy in all times because he loves nature as it is.

The *Var* of Bhai Gurdas Ji has taught us so many things that if we really understand it and follow it and read it one everyday we would always be happy and one with Him.

*RH # 4, Konark Puram, Kondhwa, Pune*

# ਸੁਰ ਲਿਪੀ

ਗੀਤ: ਡਾ: ਜਾਗੀਰ ਸਿੰਘ     ਲਿਪੀਕਾਰ: ਮਨਦੀਪ ਕੌਰ, ਐਮ.ਏ. ਗੁਰਮਤਿ ਸੰਗੀਤ (ਵਿਦਿ.)

**ਰਾਗੁ ਤੁਖਾਰੀ**

ਸਾਜਨ ਦੇਸਿ ਵਿਦੇਸੀਅੜੇ ਸਾਨੇਹੁੜੇ ਦੇਦੀ ॥ ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥
ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥
ਮਾਰਗ ਪੰਥ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥
ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥
ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥ (ਪੰਨਾ 1111)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | ਨ਼ੀ | ਧ | ਪ | ਮ॑ | ਗੁ | ਮ॑ | ਮ॑ |
| | | | | | | | | | ਸਾ | ਜ | ਨ | ਦੇ | ऽ | ਸਿ | ਵਿ |
| ਪ | - | ਪ | ਪ | ਮ॑ | ਗੁ | ਰੇ | ਸ | - | | | | | | | |
| ਦੇ | ऽ | ਸੀ | ਅ | ੜੇ | ऽ | ऽ | ऽ | | | | | | | | |
| | | | | | | | | | ਨ਼ੀ | ਸ | ਗੁ | ਮ॑ | - | ਪ | - |
| | | | | | | | | | ਸਾ | ऽ | ऽ | ਨੇ | ਹ | ੜੇ | ऽ |
| ਪਮ॑ | ਗੁਮ॑ | ਪਧ | ਪਮ॑ | ਗੁਮ॑ | ਪਮ॑ | ਗੁਰੇ | ਸ | - | | | | | | | |
| ਦੇ | ऽऽ | ऽऽ | ऽऽ | ਦੀऽ | ऽऽ | ऽऽ | ऽ | | | | | | | | |
| ਅੰਤਰਾ | | | | | | | | | ਪ | - | ਪ | ਮ॑ | ਗੁ | ਮ | ਪ |
| | | | | | | | | | ਸਾ | ਰ | ਸ | ਮਾ | ਲੇ | ਤਿ | ਨ |
| ਨੀ | ਨੀ | ਸਂ | ਨੀ | ਸਂ | - | - | - | - | | | | | | | |
| ऽ | ਸ | ऽ | ਜ | ਣਾ | ऽ | ऽ | ऽ | | | | | | | | |
| | | | | | | | | | ਸਂ | - | ਗੁਂ | ਰੇਂ | ਰੇਂ | ਸਂ | ਸਂ |
| | | | | | | | | | ਮੁੰ | ऽ | ਧ | ਨੈ | ऽ | ਣ | ਭ |
| ਰੇਂ | ਰੇਂ | ਨੀ | ਸਂ | ਧ | ਧ | ਪ | ਪ | - | | | | | | | |
| ਰੇਂ | ऽ | ऽ | ऽ | ਦੀ | ऽ | ऽ | ऽ | | | | | | | | |
| | | | | | | | | | ਨ਼ੀ | - | ਨ਼ੀ | ਧ | - | ਪ | - |
| | | | | | | | | | ਮੁੰ | ऽ | ਧ | ਨੈ | ऽ | ਣ | ਭ |
| ਪਮ॑ | ਗੁਮ॑ | ਪਧ | ਪਮ॑ | ਗੁਮ॑ | ਪਮ॑ | ਗੁਰੇ | ਸ | - | | | | | | | |
| ਰੇऽ | ऽऽ | ऽऽ | ऽऽ | ਦੀऽ | ऽऽ | ऽऽ | ऽ | | | | | | | | |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹੇ ਭਾਈ! ਸੱਜਣ ਪ੍ਰਭੂ ਉਸ ਨੂੰ ਪਰਦੇਸ ਵਿਚ ਵੱਸਣਾ ਜਾਣ ਕੇ ਤਰਲੇ ਭਰੇ ਸੁਨੇਹੇ ਭੇਜਦੀ ਹੈ। ਅਨਜਾਣ ਜੀਵ-ਇਸਤ੍ਰੀ ਵਿਛੋੜੇ ਕਾਰਨ ਰੋਂਦੀ ਹੈ, ਵਿਰਲਾਪ ਕਰਦੀ ਹੈ ਤੇ ਉਸ ਸੱਜਣ ਪ੍ਰਭੂ ਜੀ ਨੂੰ ਮੁੜ ਮੁੜ ਯਾਦ ਕਰਦੀ ਹੈ। ਜੀਵ ਇਸਤ੍ਰੀ ਪ੍ਰਭੂ ਪਤੀ ਦੇ ਗੁਣ ਚੇਤੇ ਕਰਦੀ ਹੈ। ( ਤੇ ਤਰਲੇ ਲੈਂਦੀ ਹੈ ਕਿ) ਪਿਆਰੇ ਪ੍ਰਭੂ ਨੂੰ ਕਿਵੇਂ ਮਿਲਾਂ? (ਜਿਸ ਦੇਸ ਵਿਚ ਉਹ ਵਸਦਾ ਹੈ, ਉਸਦਾ) ਰਸਤਾ ਅਨੇਕਾਂ ਵਿਕਾਰਾਂ ਦੀਆਂ ਔਕੜਾਂ ਨਾਲ ਭਰਿਆ ਹੋਇਆ ਹੈ, ਮੈਂ ਉਹ ਰਸਤਾ ਜਾਣਦੀ ਭੀ ਨਹੀਂ ਹਾਂ, ਮੈਂ ਉਸ ਪਤੀ ਨੂੰ ਕਿਵੇਂ ਮਿਲਾਂ, ਉਹ ਤਾਂ ਪਾਰਲੇ ਪਾਸੇ ਰਹਿੰਦਾ ਹੈ।

ਹੇ ਨਾਨਕ! (ਆਖ ਹੇ ਭਾਈ!) ਜਿਹੜੀ ਵਿਛੁੜੀ ਹੋਈ ਜੀਵ ਇਸਤ੍ਰੀ ਗੁਰੂ ਦੇ ਸ਼ਬਦ ਰਾਹੀਂ ਆਪਣਾ ਤਨ ਆਪਣਾ ਮਨ ਉਸ ਦੇ ਹਵਾਲ ਕਰ ਦੇਂਦੀ ਹੈ, ਉਹ ਉਸ ਨੂੰ ਮਿਲ ਪੈਂਦੀ ਹੈ। ਹੇ ਭਾਈ ਪਰਮਾਤਮਾ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਇਕ ਐਸਾ ਰੁੱਖ ਹੈ, ਜਿਸ ਨੂੰ ਉੱਚੇ ਆਤਮਕ ਗੁਣਾਂ ਦੇ ਫਲ ਲੱਗੇ ਰਹਿੰਦੇ ਹਨ। (ਗੁਰੂ ਦੇ ਸ਼ਬਦ ਰਾਹੀਂ ਆਪਣਾ ਤਨ ਮਨ ਭੇਟਾ ਕਰਨ ਵਾਲੀ ਜੀਵ ਇਸਤ੍ਰੀ) ਪ੍ਰੀਤਮ ਪ੍ਰਭੂ ਨੂੰ ਮਿਲ ਕੇ (ਉਸ ਰੁੱਖ ਦੇ ਫਲਾਂ ਦਾ ਸੁਆਦ ਹਮੇਸ਼ਾ ਚੱਖਦੀ ਰਹਿੰਦੀ ਹੈ।

O Friend, You have travelled so far from your homeland, I send message of love to you. I cherish and remember that Friend, the eyes of this soul Bride are filled with tears. I dwell upon your Glorious virtues. How can I meet my Beloved Lord God?

I do not know the treacherous path the way to you. How can I find you and cross over, O my husband Lord?

Through the shabad, the word of the True Guru the seperated soul Bride meets with the Lord, I place my body and mind before you. O Nanak, the ambrosial tree bears the most delicious fruits, meeting with my beloved, I taste the sweet essence.